ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ ਨਾਲ ਜੁੜਨ ਲਈ ਸੰਪਰਕ ਕਰੋ
ਅੰਮ੍ਰਿਤਸਰ +91 81463 20009
ਪਟਿਆਲਾ +91 79735 07533

# ਸਾਂਝੀ ਸੋਚ

SANJHI SOCH

ਸਾਂਝੀ ਸੋਚ

ਰੋਜ਼ਾਨਾ ਪੰਜਾਬੀ ਅਖ਼ਬਾਰ
ਪੰਜਾਬੀਅਤ ਦੀ ਸੋਚ 'ਤੇ ਪਹਿਰਾ

DOWNLOAD THE APP
NOW AVAILABLE ON
24x7 LIVE STREAMING
ਸਾਂਝੀ ਸੋਚ ਟੀ ਵੀ Mobile App 'ਤੇ ਵੀ ਉਪਲਬਧ

VOL-13 ISSUE 2554 | 13 August, 2026 Thursday | www.sanjhisoch.com | ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ ਦੁਨੀਆਂ | +1 (209) 303-1260



Jaspreet Singh
Attorney-At-Law
Loan Modification
Bankruptcy, Immigration, Political Asylum, Deportation, Defense, Citizenship, L-1, H-1, Family Law, Divorce
Fremont:
44790 S, GRIMMER BLVD #204, FREMONT, CA 94538
Phone: 510-657-6444, Fax: 510-657-6443
Fresno:
4491 W, Shaw Ave. Suit No. 3008 (Near Costco), Fresno, CA 93722
Phone: 599-271-5511



Law Offices of
Ashwani K.Bhakhri
1299 Bayshore Hwy Suite 208
Burlingame, CA 94010
ਸੜਕ ਹਾਦਸਾ ਹੋਣ ਜਾਂ ਕਿਸੇ ਟਰੱਕ ਨਾਲ ਹਾਦਸਾ ਹੋਣ ਜਾਂ ਕੰਮ ਦੌਰਾਨ ਸੱਟ ਲੱਗਣ 'ਤੇ ਵਰਕਰ ਮੁਆਵਜ਼ਾ ਲੈਣ ਲਈ ਵਕੀਲ ਦੀ ਲੋੜ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ
ਤੁਸੀਂ ਆਪਣੇ ਇਮੀਗ੍ਰੇਸ਼ਨ ਦੇ ਕੇਸਾਂ ਬਾਰੇ ਵੀ ਸਾਡੇ ਤੋਂ ਸੇਵਾਵਾਂ ਲੈ ਸਕਦੇ ਹੋ
(650) 685-6334
(916) 379-9700
(209) 666-4220
Ashwani Kumar Bhakhri
Attorney at Law
www.bhakhrilawfirm.us
bhakhrilawfirm@gmail.com


# ਕੀ ਟਰੰਪ ਪ੍ਰਸ਼ਾਸਨ ਅਮਰੀਕਾ ਤੋਂ ਡਿਪੋਰਟ ਹੋ ਚੁੱਕੇ ਪ੍ਰਵਾਸੀਆਂ ਤੋਂ ਜੁਰਮਾਨੇ ਵਸੂਲੇਗਾ?

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਟਰੰਪ ਪ੍ਰਸ਼ਾਸਨ ਅਮਰੀਕਾ ਤੋਂ ਡਿਪੋਰਟ ਹੋ ਚੁੱਕੇ ਜਾਂ ਦੇਸ਼ ਛੱਡ ਚੁੱਕੇ ਪ੍ਰਵਾਸੀਆਂ ਤੋਂ ਬਕਾਇਆ ਇਮੀਗ੍ਰੇਸ਼ਨ ਜੁਰਮਾਨਿਆਂ ਦੀ ਵਸੂਲੀ ਲਈ ਹੁਣ ਅਮਰੀਕਾ ਤੋਂ ਬਾਹਰ ਵੀ ਉਨ੍ਹਾਂ ਦਾ ਪਤਾ ਲਗਾਉਣ ਦੀ ਯੋਜਨਾ ਬਣਾ ਰਿਹਾ ਹੈ। ਰਿਪੋਰਟਾਂ ਮੁਤਾਬਕ ਯੂ.ਐੱਸ. ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ ਵੱਲੋਂ ਇਸ ਕੰਮ ਲਈ ਨਿੱਜੀ ਜਾਂਚਕਰਤਾਵਾਂ ਜਾਂ ਠੇਕੇਦਾਰਾਂ ਦੀਆਂ ਸੇਵਾਵਾਂ ਲੈਣ ਦੀ ਤਿਆਰੀ ਕੀਤੀ ਜਾ ਰਹੀ ਹੈ।

ਇਸ ਪ੍ਰਸਤਾਵਿਤ ਪ੍ਰੋਗਰਾਮ ਦਾ ਨਾਮ ”ਟਰੇਸਿੰਗ ਐਂਡ ਪੇਮੈਂਟ ਰਿਕਵਰੀ ਸਰਵਿਸਿਜ਼” ਦੱਸਿਆ ਗਿਆ ਹੈ ਅਤੇ ਇਸ ਉੱਤੇ ਦੋ ਸਾਲਾਂ ਦੌਰਾਨ ਵੱਧ ਤੋਂ ਵੱਧ ਲਗਭਗ 9 ਮਿਲੀਅਨ ਡਾਲਰ ਖਰਚੇ ਜਾਣ ਦੀ ਯੋਜਨਾ ਹੈ। ਸ਼ੁਰੂਆਤੀ ਤੌਰ ‘ਤੇ ਮੈਕਸੀਕੋ, ਗੁਆਟੇਮਾਲਾ ਅਤੇ ਹੋਂਡੂਰਸ ਵਿਚ ਰਹਿ ਰਹੇ ਅਜਿਹੇ ਲੋਕਾਂ ਦਾ ਪਤਾ ਲਗਾਉਣ ਦੀ ਗੱਲ ਕੀਤੀ ਗਈ ਹੈ, ਹਾਲਾਂਕਿ ਇਸ ਦਾ ਦਾਇਰਾ ਹੋਰ ਦੇਸ਼ਾਂ ਤੱਕ ਵੀ ਵਧ ਸਕਦਾ ਹੈ। ਰਿਪੋਰਟ ਮੁਤਾਬਕ ਠੇਕੇਦਾਰ ਕਿਸੇ ਵਿਅਕਤੀ ਦੀ ਮੌਜੂਦਾ ਰਿਹਾਇਸ਼ ਦੀ ਪੁਸ਼ਟੀ ਕਰਨ ਲਈ ਘਰ ਦੀਆਂ ਤਸਵੀਰਾਂ, ਯੂਟਿਲਿਟੀ ਬਿੱਲ, ਰੁਜ਼ਗਾਰ ਨਾਲ ਸਬੰਧਤ ਰਿਕਾਰਡ, ਅਦਾਲਤੀ ਦਸਤਾਵੇਜ਼ ਜਾਂ ਹੋਰ ਭਰੋਸੇਯੋਗ ਸਬੂਤ ਇਕੱਠੇ ਕਰ ਸਕਣਗੇ। ਇਸ ਤੋਂ ਬਾਅਦ ਸਬੰਧਤ ਵਿਅਕਤੀ ਨੂੰ ਸਰਕਾਰ ਵੱਲੋਂ ਮਨਜ਼ੂਰਸ਼ੁਦਾ ਨੋਟਿਸ ਪਹੁੰਚਾਇਆ ਜਾਵੇਗਾ, ਜਿਸ ਵਿਚ ਉਸ ਉੱਤੇ ਬਕਾਇਆ ਦੱਸੇ ਜਾ ਰਹੇ ਜੁਰਮਾਨਿਆਂ ਅਤੇ ਫੀਸਾਂ ਦੀ ਜਾਣਕਾਰੀ ਹੋਵੇਗੀ। ਇਹ ਮਾਮਲਾ 1996 ਦੇ ਇਮੀਗ੍ਰੇਸ਼ਨ ਕਾਨੂੰਨ ਦੀ ਉਸ ਵਿਵਸਥਾ ਨਾਲ ਜੁੜਿਆ ਹੈ, ਜਿਸ ਤਹਿਤ ਅੰਤਿਮ ਰਿਮੂਵਲ ਆਰਡਰ ਦੀ ਪਾਲਣਾ ਨਾ ਕਰਨ ਵਾਲੇ ਕੁਝ ਪ੍ਰਵਾਸੀਆਂ ਉੱਤੇ ਸਿਵਲ ਜੁਰਮਾਨੇ ਲਗਾਏ ਜਾ ਸਕਦੇ ਹਨ। ਰਿਪੋਰਟਾਂ ਅਨੁਸਾਰ ਕੁਝ ਮਾਮਲਿਆਂ ਵਿਚ ਇਹ ਜੁਰਮਾਨੇ ਲੰਬੇ ਸਮੇਂ ਤੱਕ ਇਕੱਠੇ ਹੋਣ ਕਾਰਨ ਬਹੁਤ ਵੱਡੀ ਰਕਮ ਬਣ ਸਕਦੇ ਹਨ।




ਇਸ ਯੋਜਨਾ ਨੂੰ ਲੈ ਕੇ ਕਾਨੂੰਨੀ ਮਾਹਿਰਾਂ ਅਤੇ ਪ੍ਰਵਾਸੀ ਅਧਿਕਾਰਾਂ ਨਾਲ ਜੁੜੇ ਵਕੀਲਾਂ ਵੱਲੋਂ ਸਵਾਲ ਵੀ ਉਠਾਏ ਜਾ ਰਹੇ ਹਨ। ਖਾਸ ਤੌਰ ‘ਤੇ ਇਹ ਸਵਾਲ ਹੈ ਕਿ ਜਿਹੜਾ ਵਿਅਕਤੀ ਪਹਿਲਾਂ ਹੀ ਅਮਰੀਕਾ ਛੱਡ ਚੁੱਕਾ ਹੈ, ਉਸ ਤੋਂ ਕਿਸ ਤਰੀਕੇ ਨਾਲ ਅਤੇ ਕਿਹੜੀ ਕਾਨੂੰਨੀ ਪ੍ਰਕਿਰਿਆ ਰਾਹੀਂ ਇਹ ਰਕਮ ਵਸੂਲੀ ਜਾਵੇਗੀ। ਵਾਇਰਡ ਮੁਤਾਬਕ ਦਸਤਾਵੇਜ਼ਾਂ ਵਿਚ ਭੁਗਤਾਨ ਲਈ ਫਓ.ਗੋਵ ਦਾ ਜ਼ਿਕਰ ਹੈ ਅਤੇ ਇਸ ਵਿਵਸਥਾ ਦੀ ਵਿਹਾਰਕਤਾ ਬਾਰੇ ਵੀ ਸਵਾਲ ਹਨ।

ਇੱਕ ਹੋਰ ਮਹੱਤਵਪੂਰਨ ਨੁਕਤਾ ਇਹ ਹੈ ਕਿ ਇਸ ਵੇਲੇ ਇਸ ਨੂੰ ਲਾਗੂ ਹੋ ਚੁੱਕੀ ਵਿਦੇਸ਼ੀ ਵਸੂਲੀ ਮੁਹਿੰਮ ਦੀ ਬਜਾਏ ਪ੍ਰਸਤਾਵਿਤ ਠੇਕਾ/ਪ੍ਰੋਗਰਾਮ ਕਹਿਣਾ ਵਧੇਰੇ ਸਹੀ ਹੈ। ਇਸ ਲਈ ਇਹ ਕਹਿਣਾ ਕਿ ਅਮਰੀਕੀ ਸਰਕਾਰ ਨੇ ਹਰ ਡਿਪੋਰਟ ਵਿਅਕਤੀ ਤੋਂ ਵਿਦੇਸ਼ ਵਿਚ ਜਾ ਕੇ ਜੁਰਮਾਨਾ ਵਸੂਲਣਾ ਸ਼ੁਰੂ ਕਰ ਦਿੱਤਾ ਹੈ, ਰਿਪੋਰਟ ਤੋਂ ਅੱਗੇ ਦੀ ਗੱਲ ਹੋਵੇਗੀ।

# ਈਰਾਨੀ ਧਮਕੀ ਦੇ ਮੱਦੇਨਜ਼ਰ ਟਰੰਪ ਨੇ ਤੁਰਕੀ ਤੋਂ ਗੁਪਤ ਤੌਰ 'ਤੇ ਬਦਲਿਆ ਜਹਾਜ਼

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਸੁਰੱਖਿਆ ਨੂੰ ਲੈ ਕੇ ਪਿਛਲੇ ਮਹੀਨੇ ਇੱਕ ਬੇਹੱਦ ਗੁਪਤ ਕਾਰਵਾਈ ਕੀਤੀ ਗਈ, ਜਿਸ ਦੌਰਾਨ ਟਰੰਪ ਨੇ ਤੁਰਕੀ ਤੋਂ ਰਵਾਨਾ ਹੁੰਦੇ ਸਮੇਂ ਆਪਣਾ ਜਹਾਜ਼ ਗੁਪਤ ਤੌਰ ‘ਤੇ ਬਦਲ ਲਿਆ। ਰਿਪੋਰਟ ਮੁਤਾਬਕ ਇਹ ਕਦਮ ਈਰਾਨ ਵੱਲੋਂ ਰਾਸ਼ਟਰਪਤੀ ਖ਼ਿਲਾਫ਼ ਕਥਿਤ ਹੱਤਿਆ ਦੀ ਧਮਕੀ ਮਿਲਣ ਤੋਂ ਬਾਅਦ ਚੁੱਕਿਆ ਗਿਆ ਸੀ। ਰਿਪੋਰਟ ਅਨੁਸਾਰ ਟਰੰਪ ਨੂੰ ਤੁਰਕੀ ਦੇ ਅੰਕਾਰਾ ਵਿਚ ਨਾਟੋ ਸੰਮੇਲਨ ਵਿਚ ਸ਼ਾਮਲ ਹੋਣ ਤੋਂ ਬਾਅਦ ਪਹਿਲਾਂ ਪੁਰਾਣੇ ”ਏਅਰ ਫੋਰਸ ਵਨ” ਵਿਚ ਸਵਾਰ ਹੋਏ। ਉਨ੍ਹਾਂ ਨੇ ਕੈਮਰਿਆਂ ਸਾਹਮਣੇ ਹੱਥ ਹਿਲਾ ਕੇ ਰਵਾਨਗੀ ਦਾ ਸੰਕੇਤ ਵੀ ਦਿੱਤਾ। ਪਰ ਕੁਝ ਮਿੰਟਾਂ ਬਾਅਦ ਉਹ ਇੱਕ ਛੋਟੇ ਸੀ-32ਏ ਜਹਾਜ਼ ਵਿਚ ਗੁਪਤ ਤੌਰ ‘ਤੇ ਤਬਦੀਲ ਹੋ ਗਏ। ਇਸ ਲਈ ਇੱਕ ਏਅਰਪੋਰਟ ਕੇਟਰਿੰਗ ਟਰੱਕ ਦੀ ਵਰਤੋਂ ਕੀਤੀ ਗਈ, ਤਾਂ ਜੋ ਉਨ੍ਹਾਂ ਦੀ ਅਸਲ ਯਾਤਰਾ ਬਾਰੇ ਜਾਣਕਾਰੀ ਲੁਕੀ ਰਹੇ। ਇਸ ਕਾਰਵਾਈ ਕਾਰਨ ਪੁਰਾਣਾ ਏਅਰ ਫੋਰਸ ਵਨ ਇੱਕ ਤਰ੍ਹਾਂ ਦਾ 'ਡਿਕੋਇ' ਜਹਾਜ਼ ਬਣ ਗਿਆ, ਜਿਸ ਵਿਚ ਵ੍ਹਾਈਟ ਹਾਊਸ ਦੇ ਕੁਝ ਕਰਮਚਾਰੀ ਅਤੇ ਮੀਡੀਆ ਦੇ ਮੈਂਬਰ ਮੌਜੂਦ ਸਨ। ਉਨ੍ਹਾਂ ਵਿਚੋਂ ਕਈ ਲੋਕਾਂ ਨੂੰ ਇਹ ਪਤਾ ਨਹੀਂ ਸੀ ਕਿ ਰਾਸ਼ਟਰਪਤੀ ਅਸਲ ਵਿਚ ਉਸ ਜਹਾਜ਼ ‘ਤੇ ਨਹੀਂ ਸਨ। ਰਿਪੋਰਟ ਮੁਤਾਬਕ ਟਰੰਪ ਸੀ-32ਏ ਰਾਹੀਂ ਬ੍ਰਿਟੇਨ ਪਹੁੰਚੇ ਅਤੇ ਇਸ ਉਡਾਣ ਲਈ 'ਰੀਚ 18' ਕਾਲ ਸਾਈਨ ਵਰਤਿਆ ਗਿਆ। ਇਹ ਸੁਰੱਖਿਆ ਪ੍ਰਬੰਧ ਉਸ ਸਮੇਂ ਕੀਤਾ ਗਿਆ, ਜਦੋਂ ਅਮਰੀਕਾ ਅਤੇ ਈਰਾਨ ਵਿਚਾਲੇ ਤਣਾਅ ਬਹੁਤ ਵਧਿਆ ਹੋਇਆ ਸੀ।


LAMBA VIDEO
★ Weddings ★ Birthdays ★ Photo Shoots
HD Quality Wedding Videos Pre Wedding Shoots
Packages fit to your budget
Contact: Barjesh 209-541-0641
Email: lambavideoproduction@yahoo.com



RE/MAX EXECUTIVE
ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।
Kirandeep Kaur
Realtor ®
Contact : Cell (209) 550-1704
220 - A Standiford Ave, Modesto, CA 95350, kkaur@mycvre.com



Space availabe for Ad
Contact #
+1 (209) 303-1260



Space availabe for Ad
Contact #
+1 (209) 303-1260



THE JRP GROUP
A Tradition of Real Estate Excellence
SERVING CALIFORNIA FOR RESIDENTIAL REAL ESTATE NEEDS
ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ
Ph: (414) 551-0530
Simranveer Singh
Realtor
The JRP Group
DRE #02114137



Pal Films Production
All Your Photo/Videography & Post Production needs Under One Roof
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
Full Photo & Videography studio with Green Screen/Blue Screen
(925) 489-3400, (341) 356-1517
palfilms925@gmail.com
www.thepalfilms.com

# JRP REALTY GROUP

A TRADITION OF REAL ESTATE EXCELLENCE

**SERVING CALIFORNIA FOR COMMERCIAL REAL ESTATE NEEDS**

Specializing in all Types of Commercial Proprtries

**Gas Stations, Apartments, Commercial Buildings, Liquor stores and Land**

**CALL TODAY TO BUY/SELL YOUR REAL ESTATE/ BUSINESS**





**Jaswant S.Pannu**
Office: 209-900-1994
Cell: 408-340-0157
jaswantpannu@yahoo.com

**Raman Singh**
Cell: 209-605-6500
Office: 209-213-5811
BRE #10889002

We provide the best in class evaluation for your real estate/business to maximize the profits for you

We do commercial loans for businesses, gas stations, lands and commercial properties




For more properties or business, contact us.



**LOVEPREET KAUR**
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ **Pre-Approvals** ਪ੍ਰਾਪਤ ਕਰੋ

# LENDINGASSETS

Elevating Your Mortgage Experience

## Home Loan ਘਰਾਂ ਦੇ ਲੋਨ


- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜਰੂਰਤ ਹੈ

EQUAL HOUSING OPPORTUNITY

- ★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ
- ★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

**Refinance @2.75% APR or lower**



**Apply online at www.lendingassets.com and check out the live lowest rates on our website**

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥ ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥

# In Loving Memory



# Sardool Singh Bajwa

(Feb 3rd, 1946 to August 6th, 2026)

## Funeral

**Date:** August 15th (Saturday) 2026 | **Time:** 11AM–1PM

Lakewood Memorial Park & Funeral Home
900 Santa Fe Ave Hughson, CA 95326

## Antim Ardaas

Time: 01:00 PM

GURDWARA SAHIB MODESTO-CERES
5743 E. Hatch Road Hughson, CA 95326

ਸਾਂਝੀ ਸੋਚ
SANJHI SOCH

www.sanjhisoch.com

PATTRON: HARJIT BASI

MANAGEMENT



PRESIDENT & CHIEF EDITOR
BOOTA SINGH BASI

SUB EDITOR (CHICAGO, IL OFFICE)
LOVJYOT VIRDI

GENERAL MANAGER
RAVINDER SINGH DHILLON

RESIDENT EDITOR (INDIA)
DR. RAJINDER RIKHI

DISCLAIMER

ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

SANJHI SOCH
DAILY NEWSPAPER
2601 Oakdale Road, Suite H2-167 Modesto, CA 95355 USA
Cell: (209) 303-1260
Email: info@sanjhisoch.com
Visit at: www.sanjhisoch.com

# ਉਮੀਦਾਂ ਦੇ ਤਾਲੇ ਵਿੱਚ ਬੰਦ ਜ਼ਿੰਦਗੀ !!!




ਉਮੀਦਾਂ ਸਾਡੀ ਤਾਕਤ ਹਨ, ਪਰ ਜਦੋਂ ਇਹ ਜ਼ਿੱਦ ਬਣ ਜਾਣ ਤਾਂ ਮਨ ਦੀ ਕੈਦ ਵੀ ਬਣ ਸਕਦੀਆਂ ਹਨ। ਮਨੁੱਖੀ ਜੀਵਨ ਆਸ, ਸੁਫ਼ਨਿਆਂ ਅਤੇ ਉਮੀਦਾਂ ਨਾਲ ਚੱਲਦਾ ਹੈ। ਹਰ ਮਨੁੱਖ ਨੂੰ ਆਪਣੀ ਜ਼ਿੰਦਗੀ ਤੋਂ ਕੁਝ ਨਾ ਕੁਝ ਉਮੀਦ ਹੁੰਦੀ ਹੈ। ਵਿਦਿਆਰਥੀ ਸਫਲਤਾ ਦੀ ਉਮੀਦ ਰੱਖਦੇ ਹਨ, ਮਾਪੇ ਆਪਣੇ ਬੱਚਿਆਂ ਤੋਂ ਆਗਿਆਕਾਰੀ ਅਤੇ ਚੰਗੇ ਭਵਿੱਖ ਦੀ ਆਸ ਕਰਦੇ ਹਨ, ਅਧਿਆਪਕ ਅਨੁਸ਼ਾਸਨ ਅਤੇ ਮਿਹਨਤ ਦੀ ਉਮੀਦ ਰੱਖਦੇ ਹਨ, ਸੰਸਥਾਵਾਂ ਆਪਣੇ ਕਰਮਚਾਰੀਆਂ ਤੋਂ ਸਮੱਰਪਣ ਦੀ ਅਤੇ ਦੋਸਤ ਇੱਕ-ਦੂਜੇ ਤੋਂ ਵਫ਼ਾਦਾਰੀ ਦੀ। ਅਸਲ ਵਿੱਚ ਉਮੀਦਾਂ ਮਨੁੱਖੀ ਜੀਵਨ ਦਾ ਸੁਭਾਵਿਕ ਹਿੱਸਾ ਹਨ। ਇਹ ਸਾਨੂੰ ਮਿਹਨਤ ਕਰਨ, ਅੱਗੇ ਵੱਧਣ ਅਤੇ ਆਪਣੇ ਸੁਫ਼ਨਿਆਂ ਨੂੰ ਸਾਕਾਰ ਕਰਨ ਲਈ ਪ੍ਰੇਰਿਤ ਕਰਦੀਆਂ ਹਨ।

ਪਰ ਸਮੱਸਿਆ ਉਸ ਸਮੇਂ ਸ਼ੁਰੂ ਹੁੰਦੀ ਹੈ ਜਦੋਂ ਉਮੀਦਾਂ ਤਾਲਾਬੰਦ ਹੋ ਜਾਂਦੀਆਂ ਹਨ। ਜਦੋਂ ਮਨੁੱਖ ਆਪਣੀਆਂ ਉਮੀਦਾਂ ਨੂੰ ਹਕੀਕਤ, ਹਾਲਾਤ ਅਤੇ ਸਮੇਂ ਦੇ ਅਨੁਸਾਰ ਬਦਲਣ ਲਈ ਤਿਆਰ ਨਹੀਂ ਹੁੰਦਾ, ਤਾਂ ਇਹ ਉਮੀਦਾਂ ਪ੍ਰੇਰਣਾ ਦੀ ਬਜਾਏ ਮਾਨਸਿਕ ਬੋਝ ਬਣ ਜਾਂਦੀਆਂ ਹਨ। ਮਨੁੱਖ ਹਕੀਕਤ ਨੂੰ ਸਵੀਕਾਰ ਕਰਨ ਦੀ ਥਾਂ ਆਪਣੀ ਤੈਅ ਕੀਤੀ ਹੋਈ ਮੰਜ਼ਿਲ ਨਾਲ ਚਿੰਬੜਿਆ ਰਹਿੰਦਾ ਹੈ। ਨਤੀਜ਼ੇ ਵਜੋਂ ਨਿਰਾਸ਼ਾ, ਤਣਾਅ, ਅਸੰਤੁਸ਼ਟੀ ਅਤੇ ਮਾਨਸਿਕ ਥਕਾਵਟ ਜਨਮ ਲੈਂਦੇ ਹਨ।

ਅੱਜੋਕਾ ਸਮਾਜ ਮੁਕਾਬਲੇਬਾਜ਼ੀ ਦਾ ਸਮਾਜ ਹੈ। ਹਰ ਖੇਤਰ ਵਿੱਚ ਅੱਗੇ ਨਿਕਲਣ ਦੀ ਦੌੜ ਲੱਗੀ ਹੋਈ ਹੈ। ਮਾਪਿਆਂ ਦੀਆਂ ਆਪਣੇ ਬੱਚਿਆਂ ਤੋਂ ਉਮੀਦਾਂ ਪਹਿਲਾਂ ਨਾਲੋਂ ਕਿਤੇ ਵੱਧ ਹੋ ਗਈਆਂ ਹਨ। ਉਹ ਚਾਹੁੰਦੇ ਹਨ ਕਿ ਬੱਚਾ ਹਰ ਪ੍ਰੀਖਿਆ ਵਿੱਚ ਸਭ ਤੋਂ ਵੱਧ ਅੰਕ ਲਵੇ, ਨਾਮਵਰ ਸੰਸਥਾ ਵਿੱਚ ਦਾਖ਼ਲਾ ਲਵੇ ਅਤੇ ਇੱਕ ਉੱਚ ਪੱਧਰੀ ਕੈਰੀਅਰ ਬਣਾਏ। ਦੂਜੇ ਪਾਸੇ ਬੱਚਿਆਂ ਦੀਆਂ ਆਪਣੀਆਂ ਉਮੀਦਾਂ ਵੀ ਵੱਧ ਰਹੀਆਂ ਹਨ। ਉਹ ਤੁਰੰਤ ਸਫਲਤਾ, ਤੁਰੰਤ ਪਛਾਣ ਅਤੇ ਬਿਨਾਂ ਅਸਫਲਤਾ ਵਾਲਾ ਭਵਿੱਖ ਚਾਹੁੰਦੇ ਹਨ।

ਸੋਸ਼ਲ ਮੀਡੀਆ ਨੇ ਇਸ ਸਮੱਸਿਆ ਨੂੰ ਹੋਰ ਗੰਭੀਰ ਬਣਾ ਦਿੱਤਾ ਹੈ। ਇੱਥੇ ਲੋਕ ਆਪਣੀ ਜ਼ਿੰਦਗੀ ਦੇ ਸਿਰਫ਼ ਕਾਮਯਾਬ ਪਲ ਦਿਖਾਉਂਦੇ ਹਨ। ਮਹਿੰਗੀਆਂ ਗੱਡੀਆਂ, ਸ਼ਾਨਦਾਰ ਘਰ, ਵਿਦੇਸ਼ੀ ਯਾਤਰਾਵਾਂ, ਸਫਲ ਕੈਰੀਅਰ ਅਤੇ ਖੁਸ਼ਹਾਲ ਜੀਵਨ ਦੀਆਂ ਤਸਵੀਰਾਂ ਦੇਖ ਕੇ ਆਮ ਮਨੁੱਖ ਆਪਣੀ ਸਧਾਰਨ ਜ਼ਿੰਦਗੀ ਦੀ ਤੁਲਨਾ ਦੂਜਿਆਂ ਦੀ ਚੁਣੀ ਹੋਈ ਜ਼ਿੰਦਗੀ ਨਾਲ ਕਰਨ ਲੱਗ ਪੈਂਦਾ ਹੈ। ਇਸ ਤਰ੍ਹਾਂ ਉਹ ਆਪਣੇ ਲਈ ਅਜਿਹੇ ਮਾਪਦੰਡ ਤੈਅ ਕਰ ਲੈਂਦਾ ਹੈ ਜੋ ਅਕਸਰ ਹਕੀਕਤ ਤੋਂ ਦੂਰ ਹੁੰਦੇ ਹਨ।

ਵਿਦਿਆਰਥੀਆਂ ਲਈ 'ਤਾਲਾਬੰਦ ਉਮੀਦਾਂ' ਇੱਕ ਵੱਡਾ ਮਾਨਸਿਕ ਬੋਝ ਬਣ ਸਕਦੀਆਂ ਹਨ। ਜਿਹੜਾ ਵਿਦਿਆਰਥੀ ਹਰ ਪ੍ਰੀਖਿਆ ਵਿੱਚ ਸਭ ਤੋਂ ਵੱਧ ਅੰਕ ਲੈਣ ਨੂੰ ਹੀ ਆਪਣੀ ਸਫਲਤਾ ਦਾ ਇਕੋ-ਇਕ ਮਾਪਦੰਡ ਮੰਨ ਲੈਂਦਾ ਹੈ, ਉਹ ਥੋੜ੍ਹੀ ਜਿਹੀ ਅਸਫਲਤਾ ਨਾਲ ਵੀ ਟੁੱਟ ਸਕਦਾ ਹੈ। ਇੱਕ ਘੱਟ ਅੰਕਾਂ ਵਾਲਾ ਨਤੀਜ਼ਾ ਉਸ ਨੂੰ ਇਹ ਮਹਿਸੂਸ ਕਰਵਾ ਸਕਦਾ ਹੈ ਕਿ ਉਹ ਅਯੋਗ ਹੈ। ਇੱਥੋਂ ਆਤਮ-ਵਿਸ਼ਵਾਸ ਦੀ ਕਮੀ, ਚਿੰਤਾ ਅਤੇ ਨਿਰਾਸ਼ਾ ਦਾ ਦੌਰ ਸ਼ੁਰੂ ਹੋ ਸਕਦਾ ਹੈ। ਪਰ ਸਿੱਖਿਆ ਦਾ ਮਕਸਦ ਸਿਰਫ਼ ਵੱਧ ਤੋਂ ਵੱਧ ਅੰਕ ਪ੍ਰਾਪਤ ਕਰਨਾ ਨਹੀਂ ਹੋਣਾ ਚਾਹੀਦਾ। ਸਿੱਖਿਆ ਦਾ ਅਸਲ ਉਦੇਸ਼ ਸਿੱਖਣ, ਸੋਚਣ, ਗਲਤੀਆਂ ਤੋਂ ਸਬਕ ਲੈਣ ਅਤੇ ਜੀਵਨ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਦੀ ਸਮਰੱਥਾ ਪੈਦਾ ਕਰਨਾ ਹੈ। ਅਸਫਲਤਾ ਅੰਤ ਨਹੀਂ ਹੁੰਦੀ; ਕਈ ਵਾਰ ਇਹ ਸਫਲਤਾ ਵੱਲ ਜਾਣ ਵਾਲਾ ਸਭ ਤੋਂ ਮਹੱਤਵਪੂਰਨ ਪਾਠ ਹੁੰਦੀ ਹੈ।

ਮਾਪਿਆਂ ਦੀਆਂ ਉਮੀਦਾਂ ਪਿਆਰ ਤੋਂ ਜਨਮ ਲੈਂਦੀਆਂ ਹਨ, ਪਰ ਜਦੋਂ ਇਹ ਉਮੀਦਾਂ ਜ਼ਬਰਦਸਤੀ ਬਣ ਜਾਂਦੀਆਂ ਹਨ ਤਾਂ ਬੱਚੇ ਦੇ ਵਿਕਾਸ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ। ਹਰ ਬੱਚਾ ਇੱਕੋ ਜਿਹਾ ਨਹੀਂ ਹੁੰਦਾ। ਕਿਸੇ ਦੀ ਤਾਕਤ ਪੜ੍ਹਾਈ ਹੈ, ਕਿਸੇ ਦੀ ਖੇਡਾਂ ਵਿੱਚ, ਕਿਸੇ ਦੀ ਕਲਾ, ਸੰਗੀਤ, ਤਕਨੀਕ ਜਾਂ ਅਗਵਾਈ ਵਿੱਚ।

ਇਸ ਲਈ ਮਾਪਿਆਂ ਦੀ ਜ਼ਿੰਮੇਵਾਰੀ ਸਿਰਫ਼ ਬੱਚਿਆਂ ਲਈ ਆਪਣੀ ਪਸੰਦ ਦਾ ਭਵਿੱਖ ਤੈਅ ਕਰਨਾ ਨਹੀਂ, ਸਗੋਂ ਉਨ੍ਹਾਂ ਦੀਆਂ ਅੰਦਰੂਨੀ ਪ੍ਰਤਿਭਾਵਾਂ ਨੂੰ ਪਛਾਣਨਾ ਅਤੇ ਉਨ੍ਹਾਂ ਨੂੰ ਸਹੀ ਦਿਸ਼ਾ ਦੇਣਾ ਹੈ। ਬੱਚਿਆਂ ਨੂੰ ਆਪਣੇ ਸੁਪਨੇ ਜੀਣ ਲਈ ਮੌਕਾ ਦੇਣਾ ਵੀ ਮਾਪਿਆਂ ਦੀ ਪਰਵਰਿਸ਼ ਦਾ ਮਹੱਤਵ ਅਧਿਆਪਕ ਵੀ ਕਈ ਵਾਰ ਅਣਜਾਣੇ ਵਿੱਚ ਵਿਦਿਆਰਥੀਆਂ ਤੋਂ ਇਕਸਾਰ ਪ੍ਰਦਰਸ਼ਨ ਦੀ ਉਮੀਦ ਕਰਨ ਲੱਗਦੇ ਹਨ। ਪਰ ਇੱਕ ਕਲਾਸ ਵਿੱਚ ਵੱਖ-ਵੱਖ ਸਮਰੱਥਾਵਾਂ, ਰੁਚੀਆਂ ਅਤੇ ਸੁਭਾਆਂ ਵਾਲੇ ਵਿਦਿਆਰਥੀ ਹੁੰਦੇ ਹਨ। ਹਰ ਵਿਦਿਆਰਥੀ ਇੱਕੋ ਗਤੀ ਨਾਲ ਨਹੀਂ ਸਿੱਖਦਾ।

ਇੱਕ ਪ੍ਰਭਾਵਸ਼ਾਲੀ ਅਧਿਆਪਕ ਉਹ ਨਹੀਂ ਜੋ ਹਰ ਵਿਦਿਆਰਥੀ ਤੋਂ ਇੱਕੋ ਜਿਹਾ ਨਤੀਜ਼ਾ ਮੰਗੇ, ਸਗੋਂ ਉਹ ਹੈ ਜੋ ਹਰ ਵਿਦਿਆਰਥੀ ਦੀ ਸਮਰੱਥਾ ਨੂੰ ਸਮਝੇ ਅਤੇ ਉਸ ਨੂੰ ਉਸਦੀ ਯੋਗਤਾ ਅਨੁਸਾਰ ਅੱਗੇ ਵੱਧਣ ਲਈ ਪ੍ਰੇਰਿਤ ਕਰੇ। ਅਧਿਆਪਕ ਦੀ ਉਮੀਦ ਵਿਦਿਆਰਥੀ ਲਈ ਪ੍ਰੇਰਣਾ ਬਣੇ, ਦਬਾਅ ਨਹੀਂ। ਪੇਸ਼ੇਵਰ ਜੀਵਨ ਵਿੱਚ ਵੀ ਤਾਲਾਬੰਦ ਉਮੀਦਾਂ ਸੰਬੰਧਾਂ ਨੂੰ ਨੁਕਸਾਨ ਪਹੁੰਚਾਉਂਦੀਆਂ ਹਨ। ਕਰਮਚਾਰੀ ਨਿਰਧਾਰਤ ਸਮੇਂ ਵਿੱਚ ਤਰੱਕੀ ਦੀ ਉਮੀਦ ਰੱਖਦੇ ਹਨ, ਜਦਕਿ ਸੰਸਥਾਵਾਂ ਹਰ ਹਾਲਤ ਵਿੱਚ ਪੂਰਨ ਪ੍ਰਦਰਸ਼ਨ ਦੀ ਉਮੀਦ ਕਰਦੀਆਂ ਹਨ। ਜਦੋਂ ਇਹ ਉਮੀਦਾਂ ਪੂਰੀਆਂ ਨਹੀਂ ਹੁੰਦੀਆਂ ਤਾਂ ਅਸੰਤੁਸ਼ਟੀ, ਤਣਾਅ ਅਤੇ ਆਪਸੀ ਦੂਰੀ ਵੱਧਣ ਲੱਗਦੀ ਹੈ। ਸਿਹਤਮੰਦ ਕਾਰਜ-ਸੰਸਕ੍ਰਿਤੀ ਲਈ ਖੁੱਲ੍ਹਾ ਸੰਚਾਰ, ਹਕੀਕਤੀ ਟੀਚੇ, ਆਪਸੀ ਸਤਿਕਾਰ ਅਤੇ ਮਿਹਨਤ ਦੀ ਕਦਰ ਬਹੁਤ ਜ਼ਰੂਰੀ ਹੈ। ਕਿਸੇ ਵੀ ਸੰਸਥਾ ਦੀ ਸਫਲਤਾ ਸਿਰਫ਼ ਨਤੀਜ਼ਿਆਂ ਨਾਲ ਨਹੀਂ, ਸਗੋਂ ਉਸ ਦੇ ਮਨੁੱਖੀ ਵਾਤਾਵਰਨ ਨਾਲ ਵੀ ਮਾਪੀ ਜਾਣੀ ਚਾਹੀਦੀ ਹੈ। ਨਿੱਜੀ ਰਿਸ਼ਤੇ ਵੀ ਬੇਲੋੜੀਆਂ ਅਤੇ ਕਠੋਰ ਉਮੀਦਾਂ ਤੋਂ ਅਛੂਤੇ ਨਹੀਂ ਹਨ। ਦੋਸਤ ਚਾਹੁੰਦੇ ਹਨ ਕਿ ਦੋਸਤ ਹਰ ਵੇਲੇ ਉਪਲੱਬਧ ਰਹੇ। ਜੀਵਨ-ਸਾਥੀ ਇੱਕ-ਦੂਜੇ ਤੋਂ ਹਰ ਗੱਲ ਨੂੰ ਬਿਨਾਂ ਕਹੇ ਸਮਝਣ ਦੀ ਉਮੀਦ ਕਰਦੇ ਹਨ। ਪਰਿਵਾਰਕ ਮੈਂਬਰ ਹਰ ਮਾਮਲੇ ਵਿੱਚ ਇੱਕੋ ਰਾਏ ਦੀ ਆਸ ਰੱਖਦੇ ਹਨ। ਪਰ ਮਨੁੱਖ ਸੰਪੂਰਨ ਨਹੀਂ ਹੁੰਦਾ। ਕੋਈ ਵੀ ਵਿਅਕਤੀ ਦੂਜੇ ਦੀ ਹਰ ਉਮੀਦ ਨੂੰ ਪੂਰਾ ਨਹੀਂ ਕਰ ਸਕਦਾ। ਮਜ਼ਬੂਤ ਰਿਸ਼ਤੇ ਸੰਪੂਰਨਤਾ ਨਾਲ ਨਹੀਂ, ਸਗੋਂ ਸਵੀਕਾਰਤਾ, ਸੰਵਾਦ, ਸਮਝਦਾਰੀ ਅਤੇ ਮੁਆਫ਼ੀ ਨਾਲ ਬਣਦੇ ਹਨ। ਮਨੋਵਿਗਿਆਨਕ ਪੱਖੋਂ ਵੀ ਕਠੋਰ ਉਮੀਦਾਂ ਮਨੁੱਖ ਨੂੰ ਅੰਦਰੋਂ ਥਕਾ ਦਿੰਦੀਆਂ ਹਨ। ਜਦੋਂ ਵਿਅਕਤੀ ਆਪਣੀ ਕਦਰ ਨੂੰ ਸਿਰਫ਼ ਨਤੀਜ਼ਿਆਂ ਨਾਲ ਜੋੜ ਲੈਂਦਾ ਹੈ, ਤਾਂ ਹਰ ਅਸਫਲਤਾ ਉਸ ਲਈ ਨਿੱਜੀ ਹਾਰ ਬਣ ਜਾਂਦੀ ਹੈ। ਇਸ ਤਰ੍ਹਾਂ ਦਾ ਸੋਚਣ ਦਾ ਢੰਗ ਤਣਾਅ, ਚਿੰਤਾ, ਹੀਣ ਭਾਵਨਾ ਅਤੇ ਨਿਰਾਸ਼ਾ ਨੂੰ ਜਨਮ ਦੇ ਸਕਦਾ ਹੈ। ਇਸ ਦੇ ਉਲਟ ਲਚਕੀਲਾ ਰਵੱਈਆ ਮਨੁੱਖ ਨੂੰ ਮੁਸ਼ਕਲਾਂ ਤੋਂ ਬਾਅਦ ਮੁੜ ਖੜ੍ਹਾ ਹੋਣ ਦੀ ਤਾਕਤ ਦਿੰਦਾ ਹੈ। ਸਾਨੂੰ ਨਤੀਜ਼ਿਆਂ ਨਾਲੋਂ ਆਪਣੀ ਕੋਸ਼ਿਸ਼, ਸਿੱਖਣ ਅਤੇ ਵਿਕਾਸ ਨੂੰ ਵੱਧ ਮਹੱਤਵ ਦੇਣਾ ਚਾਹੀਦਾ ਹੈ। ਹੱਲ ਇਹ ਨਹੀਂ ਕਿ ਅਸੀਂ ਉਮੀਦਾਂ ਰੱਖਣੀਆਂ ਹੀ ਛੱਡ ਦੇਈਏ। ਉਮੀਦਾਂ ਤੋਂ ਬਿਨਾਂ ਜੀਵਨ ਨਿਰਾਸ਼ ਅਤੇ ਦਿਸ਼ਾਹੀਣ ਹੋ ਸਕਦਾ ਹੈ। ਅਸਲ ਲੋੜ ਉਮੀਦਾਂ ਨੂੰ ਹਕੀਕਤੀ, ਲਚਕੀਲਾ ਅਤੇ ਹਾਲਾਤਾਂ ਅਨੁਸਾਰ ਬਣਾਉਣ ਦੀ ਹੈ। ਸਾਨੂੰ ਇਹ ਸਮਝਣਾ ਹੋਵੇਗਾ ਕਿ ਮਿਹਨਤ ਸਾਡੇ ਹੱਥ ਵਿੱਚ ਹੈ, ਪਰ ਹਰ ਨਤੀਜ਼ਾ ਨਹੀਂ। ਅਸੀਂ ਆਪਣੀ ਤਿਆਰੀ ਨੂੰ ਨਿਯੰਤਰਿਤ ਕਰ ਸਕਦੇ ਹਾਂ, ਪਰ ਹਰ ਪ੍ਰੀਖਿਆ ਦਾ ਨਤੀਜ਼ਾ ਨਹੀਂ। ਅਸੀਂ ਇਮਾਨਦਾਰੀ ਨਾਲ ਕੰਮ ਕਰ ਸਕਦੇ ਹਾਂ, ਪਰ ਤਰੱਕੀ ਦਾ ਸਮਾਂ ਹਮੇਸ਼ਾ ਸਾਡੇ ਹੱਥ ਵਿੱਚ ਨਹੀਂ ਹੁੰਦਾ। ਅਸੀਂ ਪਿਆਰ ਅਤੇ ਸਤਿਕਾਰ ਦੇ ਸਕਦੇ ਹਾਂ, ਪਰ ਦੂਜਿਆਂ ਦੀ ਹਰ ਪ੍ਰਤੀਕਿਰਿਆ ਨੂੰ ਨਿਯੰਤਰਿਤ ਨਹੀਂ ਕਰ ਸਕਦੇ। ਇਹੀ ਜੀਵਨ ਦੀ ਹਕੀਕਤ ਹੈ। ਸਮਾਜ ਨੂੰ ਵੀ ਸਫਲਤਾ ਦੀ ਪਰਿਭਾਸ਼ਾ ਬਦਲਣ ਦੀ ਲੋੜ ਹੈ। ਸਿਰਫ਼ ਉੱਚੇ ਅੰਕ, ਵੱਡੀ ਨੌਕਰੀ, ਵੱਧ ਪੈਸਾ ਜਾਂ ਸਮਾਜਿਕ ਪ੍ਰਸਿੱਧੀ ਹੀ ਸਫਲਤਾ ਨਹੀਂ ਹਨ। ਇਮਾਨਦਾਰੀ, ਚੰਗਾ ਚਰਿੱਤਰ, ਦਇਆ, ਮਿਹਨਤ, ਹਿੰਮਤ, ਸਬਰ, ਜ਼ਿੰਮੇਵਾਰੀ ਅਤੇ ਮੁਸ਼ਕਲ ਹਾਲਾਤਾਂ ਵਿੱਚ ਖੜ੍ਹੇ ਰਹਿਣ ਦੀ ਸਮਰੱਥਾ ਵੀ ਜੀਵਨ ਦੀਆਂ ਵੱਡੀਆਂ ਪ੍ਰਾਪਤੀਆਂ ਹਨ।

ਵਿਦਿਆਰਥੀਆਂ ਨੂੰ ਛੋਟੀਆਂ ਪ੍ਰਗਤੀਆਂ ਦਾ ਜਸ਼ਨ ਮਨਾਉਣਾ ਚਾਹੀਦਾ ਹੈ। ਮਾਪਿਆਂ ਨੂੰ ਦਬਾਅ ਦੀ ਥਾਂ ਸਹਿਯੋਗ ਦੇਣਾ ਚਾਹੀਦਾ ਹੈ। ਅਧਿਆਪਕਾਂ ਨੂੰ ਸਿਰਫ਼ ਅੰਕਾਂ ਦੀ ਬਜਾਏ ਸਿੱਖਣ ਦੀ ਪ੍ਰਕਿਰਿਆ ਨੂੰ ਮਹੱਤਵ ਦੇਣਾ ਚਾਹੀਦਾ ਹੈ। ਸੰਸਥਾਵਾਂ ਨੂੰ ਨਤੀਜ਼ਿਆਂ ਦੇ ਨਾਲ-ਨਾਲ ਇਮਾਨਦਾਰ ਯਤਨਾਂ ਦੀ ਵੀ ਕਦਰ ਕਰਨੀ ਚਾਹੀਦੀ ਹੈ। ਜੀਵਨ ਕਦੇ ਵੀ ਇੱਕੋ ਰਾਹ 'ਤੇ ਨਹੀਂ ਚੱਲਦਾ। ਹਾਲਾਤ ਬਦਲਦੇ ਹਨ, ਯੋਜਨਾਵਾਂ ਬਦਲਦੀਆਂ ਹਨ ਅਤੇ ਕਈ ਵਾਰ ਉਹ ਚੀਜ਼ ਵੀ ਨਹੀਂ ਮਿਲਦੀ ਜਿਸ ਦੀ ਅਸੀਂ ਪੂਰੀ ਇਮਾਨਦਾਰੀ ਨਾਲ ਉਮੀਦ ਕੀਤੀ ਹੁੰਦੀ ਹੈ। ਅਜਿਹੇ ਸਮੇਂ ਵਿੱਚ ਉਮੀਦਾਂ ਨੂੰ ਹਾਲਾਤਾਂ ਅਨੁਸਾਰ ਬਦਲ ਲੈਣਾ ਹਾਰ ਨਹੀਂ ਹੈ। ਇਹ ਸਮਝਦਾਰੀ ਹੈ। ਆਪਣੀ ਸੋਚ ਵਿੱਚ ਲਚਕੀਲਾਪਣ ਲਿਆਉਣਾ ਕਮਜ਼ੋਰੀ ਨਹੀਂ, ਸਗੋਂ ਭਾਵਨਾਤਮਕ ਪਰਿਪੱਕਤਾ ਦੀ ਨਿਸ਼ਾਨੀ ਹੈ। ਜਿਹੜਾ ਮਨੁੱਖ ਹਾਲਾਤਾਂ ਦੇ ਬਦਲਣ ਨਾਲ ਆਪਣੀ ਦਿਸ਼ਾ ਬਦਲ ਸਕਦਾ ਹੈ, ਉਹੀ ਲੰਬੇ ਸਫ਼ਰ ਵਿੱਚ ਅੱਗੇ ਵੱਧ ਸਕਦਾ ਹੈ। ਅਸਲ ਖੁਸ਼ੀ ਹਰ ਉਮੀਦ ਦੇ ਪੂਰਾ ਹੋਣ ਵਿੱਚ ਨਹੀਂ, ਸਗੋਂ ਜੀਵਨ ਦੀ ਯਾਤਰਾ ਨੂੰ ਸਵੀਕਾਰ ਕਰਨ ਵਿੱਚ ਹੈ। ਸਾਨੂੰ ਆਪਣੇ ਸੁਫ਼ਨੇ ਜ਼ਰੂਰ ਦੇਖਣੇ ਚਾਹੀਦੇ ਹਨ, ਟੀਚੇ ਜ਼ਰੂਰ ਬਣਾਉਣੇ ਚਾਹੀਦੇ ਹਨ ਅਤੇ ਪੂਰੀ ਮਿਹਨਤ ਨਾਲ ਉਨ੍ਹਾਂ ਵੱਲ ਵੱਧਣਾ ਚਾਹੀਦਾ ਹੈ। ਪਰ ਨਾਲ ਹੀ ਇਹ ਸਵੀਕਾਰ ਕਰਨ ਦੀ ਸਮਰੱਥਾ ਵੀ ਹੋਣੀ ਚਾਹੀਦੀ ਹੈ ਕਿ ਜੀਵਨ ਹਮੇਸ਼ਾ ਸਾਡੀ ਯੋਜਨਾ ਅਨੁਸਾਰ ਨਹੀਂ ਚੱਲਦਾ। ਜਦੋਂ ਉਮੀਦਾਂ ਵਾਜਿਬ ਹੁੰਦੀਆਂ ਹਨ ਤਾਂ ਉਹ ਸਫਲਤਾ ਵੱਲ ਲੈ ਜਾਣ ਵਾਲੀਆਂ ਪੌੜੀਆਂ ਬਣ ਜਾਂਦੀਆਂ ਹਨ; ਪਰ ਜਦੋਂ ਇਹ ਜ਼ਿੱਦ ਅਤੇ ਅੜੀਅਲ ਸੋਚ ਵਿੱਚ ਬਦਲ ਜਾਂਦੀਆਂ ਹਨ ਤਾਂ ਇਹ ਅਦਿੱਖ ਜ਼ੰਜੀਰਾਂ ਬਣ ਕੇ ਸਾਡੀ ਸ਼ਾਂਤੀ, ਖੁਸ਼ੀ ਅਤੇ ਸਮਰੱਥਾ ਨੂੰ ਬੰਨ੍ਹ ਲੈਂਦੀਆਂ ਹਨ।

ਇਸ ਲਈ ਅੱਜ ਦੀ ਸਭ ਤੋਂ ਵੱਡੀ ਲੋੜ ਹੈ ਆਪਣੀਆਂ ਗੈਰ-ਵਾਜਬ ਉਮੀਦਾਂ ਦੇ ਤਾਲੇ ਖੋਲ੍ਹਣ ਦੀ। ਕਿਉਂਕਿ ਕਈ ਵਾਰ ਖੁਸ਼ਹਾਲ ਜੀਵਨ ਵੱਲ ਪਹਿਲਾ ਕਦਮ ਕਿਸੇ ਨਵੀਂ ਚੀਜ਼ ਨੂੰ ਹਾਸਲ ਕਰਨਾ ਨਹੀਂ, ਸਗੋਂ ਕਿਸੇ ਪੁਰਾਣੀ ਨਾਉਮੀਦ ਨੂੰ ਛੱਡਣਾ ਹੁੰਦਾ ਹੈ।

**Information in Public Interest**

To listen to Dr.Gurdip Singh Sandhu health education lecture series, go to https://youtu.be/-DUhK3cACEU, Sabrangstation.com ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 AM ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

Contact:(408) 687-1899, (925) 587-1148




# NAV INDIAN MERCHANDISE GROCERY STORE

**3230 MITCHELL ROAD, STE, C, CERES, CA 95307**




ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ, ਪਾਕਿਸਤਾਨੀ ਤੇ ਫਰੋਜ਼ਨ ਗਰੌਸਰੀ ਦੀ।




ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਸਜਾਵਟ ਦਾ ਸਮਾਨ

**ਇੱਕ ਵਾਰ Visit ਜ਼ਰੂਰ ਕਰੋ।**




Ria MONEY TRANSFER

INDIA ਪੈਸੇ ਭੇਜਣ ਲਈ

RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ

Contact Number

**+1 (209) 537-5702**

# ਸਾਵਣ ਦਾ ਤਿਓਹਾਰ ਮਨਾਇਆ

ਫਰੈਂਕਫਰਟ
ਸਰਬਜੀਤ ਸਿੰਘ

ਕੌਮਾਂਤਰੀ ਪੰਜਾਬੀ ਕਾਫ਼ਲਾ ਇਟਲੀ ਨੇ ਪ੍ਰੋਗਰਾਮ 'ਕਲਾਮ ਪੇਸ਼ ਹੈ' ਤਹਿਤ ਸਾਵਣ ਕਵੀ ਦਰਬਾਰ ਕਰਵਾਇਆ। ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਕਾਫ਼ਲਾ ਪ੍ਰਧਾਨ ਪ੍ਰਸਿੱਧ ਨਾਵਲਕਾਰ ਬਿੰਦਰ ਕੋਲੀਆਂ ਵਾਲ ਜੀ ਨੇ ਸਭ ਨੂੰ ਪਿਆਰ ਭਰੀ ਸਤਿ ਸ੍ਰੀ ਅਕਾਲ ਬੁਲਾਈ ਤੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। ਉਹਨਾਂ ਤੋਂ ਬਾਅਦ ਕਾਫਲੇ ਦੇ ਸਰਪ੍ਰਸਤ ਪ੍ਰਸਿੱਧ ਗ਼ਜ਼ਲਗੋ ਗੁਰਚਰਨ ਸਿੰਘ ਜੋਗੀ ਜੀ ਨੇ ਪ੍ਰੋਗਰਾਮ ਵਿੱਚ ਆਏ ਸਾਰੇ ਮਹਿਮਾਨਾਂ ਨੂੰ ਜੀ ਆਇਆਂ ਆਖਿਆ ਤੇ ਸਾਵਣ ਮਹੀਨੇ ਬਾਰੇ ਬਹੁਤ ਸੋਹਣੇ ਵਿਚਾਰਾਂ ਨਾਲ ਸਾਂਝ ਪਾਈ। ਪ੍ਰਸਿੱਧ ਗ਼ਜ਼ਲਗੋ ਤੇ ਪੇਸ਼ਕਾਰ ਮੁਖਤਾਰ ਸਿੰਘ ਚੰਦੀ ਸੁਲਤਾਨਪੁਰ ਲੋਧੀ ਜੀ ਨੇ ਮੰਚ ਸੰਚਾਲਨ ਕੀਤਾ ਤੇ ਸਾਰੇ ਪ੍ਰੋਗਰਾਮ ਨੂੰ ਬਹੁਤ ਸੁਚੱਜੇ ਤੇ ਪ੍ਰਭਾਵਸ਼ਾਲੀ ਢੰਗ ਨਾਲ ਚਲਾਇਆ ਤੇ ਵਿੱਚ ਵਿੱਚ ਪਿਆਰੇ ਸ਼ੇਅਰਾਂ ਨਾਲ ਸਭ ਨੂੰ ਕੀਲ ਕੇ ਰੱਖ ਦਿੱਤਾ।

ਇਸ ਔਨਲਾਈਨ ਕਵੀ ਦਰਬਾਰ ਵਿੱਚ ਨਾਵਲਕਾਰ ਬਿੰਦਰ ਕੋਲੀਆਂ ਵਾਲ ਜੀ ਇਟਲੀ, ਗੁਰਚਰਨ ਸਿੰਘ ਜੋਗੀ ਜੀ ਰਾਜਸਥਾਨ, ਸਰਦੂਲ ਸਿੰਘ ਭੱਲਾ ਜੀ ਪਟਿਆਲਾ, ਗੁਰਨੇਕ ਸਿੰਘ ਝਾਵਰ ਜੀ ਪੰਜਾਬ, ਲਹਿੰਦੇ ਪੰਜਾਬ ਤੋਂ ਪ੍ਰੋਫੈਸਰ ਅਮਾਨਤ ਅਲੀ ਮੁਸਾਫ਼ਿਰ ਜੀ, ਪ੍ਰਸਿੱਧ ਗ਼ਜ਼ਲਗੋ ਪਰਵਿੰਦਰ ਸਿੰਘ ਹੇਅਰ ਜੀ ਬੰਬੇ, ਹਰਨੇਕ ਸ਼ੇਰਗਿੱਲ ਦੋਹਾ ਕਤਰ, ਕਲਾਕਾਰ ਤੇ ਪੇਸ਼ਕਾਰ ਮੰਗਤ ਖਾਨ ਜੀ ਪਟਿਆਲਾ, ਕਵਿੱਤਰੀ ਪੋਲੀ ਬਰਾੜ ਜੀ ਅਮਰੀਕਾ, ਕਵਿੱਤਰੀ ਪ੍ਰੀਤਮ ਕੌਰ ਜੀ ਦਿੱਲੀ, ਡਾਕਟਰ ਸੁਰਜੀਤ ਕੌਰ ਜੀ ਪੰਜਾਬ, ਸਰਬਜੀਤ ਸਿੰਘ ਜਰਮਨੀ ਨੇ ਆਪਣੀ ਹਾਜ਼ਰੀ ਲਗਵਾਈ। ਇਸ ਕਵੀ ਦਰਬਾਰ ਵਿੱਚ ਸਾਵਣ ਮਹੀਨੇ ਨਾਲ ਜੁੜੇ ਹਰ ਰੰਗ ਦੀ ਹਰ ਰਸਮ ਦੀ ਗੱਲ ਕੀਤੀ ਗਈ ਜਿਵੇਂ ਕਿ ਕਿਵੇ ਗਾਵਾਂ ਰਾਗ ਮਲਾਰ ਮਾਏ ਨੀ ਮੇਰੇ ਗੀਤ ਗੁਆਚੇ, ਦੂਰ ਗਏ ਮਾਹੀ ਬਿਨਾਂ ਮੁਟਿਆਰ ਦੇ ਸਾਵਣ ਦਾ ਤਿਉਹਾਰ ਨਾ ਮਨਾਉਣ ਦੀ ਗੱਲ, ਮਾਂ ਦੇ ਮਰਨ ਪਿੱਛੋਂ ਧੀ ਦਾ ਸੌਣ ਮਹੀਨੇ ਪੇਕੇ ਘਰ ਜਾ ਕੇ ਉਦਾਸ ਵਾਪਸ ਪਰਤਣਾ, ਅਮਰੀਕਾ ਰਹਿੰਦੇ ਭੈਣ ਜੀ ਸੁਪਨੇ ਵਿੱਚ ਪੰਜਾਬ ਜਾ ਕੇ ਤੀਆਂ ਦੇ ਮੇਲੇ ਵਿੱਚ ਧਮਕ ਪਾ ਆਏ ਤੇ ਰੁੱਖਾਂ ਦਾ ਕੇਸੀ ਇਸ਼ਨਾਨ ਕਰਾ ਆਏ, ਯੁੱਗ ਔਰਤਾਂ ਦਾ ਆਇਆ ਹੋ ਗਈ ਬੱਲੇ ਬੱਲੇ ਵਿੱਚ ਨਵੇਂ ਜ਼ਮਾਨੇ ਦੀਆਂ ਗੱਲਾਂ, ਪੀਂਘ ਦੀ ਸਾਂਝ ਪਾਈ ਗਈ, ਕੱਚੀਆਂ ਅੰਬੀਆਂ ਦੀ ਸਿਫ਼ਤ ਹੋਈ, ਸੰਦੂਕ ਚੋਂ ਕੱਢੀਆਂ ਵਿਰਾਸਤੀ ਪੱਖੀਆਂ ਦੀ ਬਾਤ ਪਾਉਂਦੀ ਪਿਆਰੀ ਯਾਦ, ਜੇਠ ਹਾੜ ਦੀਆਂ ਧੁੱਪਾਂ ਪਿੱਛੋਂ ਆਏ ਸਾਵਣ ਦੇ ਅਨੰਦ ਦੀ ਖੁਸ਼ੀ ਦੀ ਗੱਲ ਹੋਈ, ਸਾਵਣ ਦੇ ਰੰਗ ਵਿੱਚ ਖੇਤਾਂ ਵਿੱਚ ਝੂਮਦੀਆਂ ਫਸਲਾਂ ਤੇ ਕੁਦਰਤ ਦੀ ਗੱਲ ਹੋਈ, ਸਾਵਣ ਵੀ ਆਪਣੇ ਮਨ ਦੀ ਖੁਸ਼ੀ ਨਾਲ ਹੀ ਚੰਗਾ ਲੱਗਦਾ ਹੈ ਜੇਕਰ ਕਿਸੇ ਦਾ ਇੱਕ ਪਿਆਰਾ ਉਸ ਦੇ ਕੋਲ ਨਹੀਂ ਤਾਂ ਸਾਵਣ ਵੀ ਵੈਰਾਗੀ ਲੱਗਦਾ ਹੈ, ਪੁਰਾਤਨ ਸੱਸ ਤੇ ਵੀਰਾਂ ਸੰਬੰਧੀ ਬੋਲੀਆਂ ਪਾਈਆਂ ਗਈਆਂ ਤੇ ਵੀਰਾਂ ਦੀ ਸਰਦਾਰੀ ਦੀ ਗੱਲ ਹੋਈ। ਸਾਵਣ ਦੀਆਂ ਸਾਰੀਆਂ ਖੁਸ਼ੀਆਂ ਤੇ ਗ਼ਮੀਆਂ ਦੀ ਗੱਲ ਇਸ ਮੰਚ ਤੇ ਗੱਲ ਕੀਤੀ ਗਈ।

ਅਖੀਰ ਇਹ ਪ੍ਰੋਗਰਾਮ ਸਫਲਤਾਪੂਰਵਕ ਰਿਹਾ ਤੇ ਪ੍ਰੋਗਰਾਮ ਵਿੱਚ ਹਾਜ਼ਰੀਨ ਸਾਰੇ ਮਹਿਮਾਨਾਂ ਦਾ ਸਰਬਜੀਤ ਸਿੰਘ ਜਰਮਨੀ ਵੱਲੋਂ ਦਿਲ ਦੀਆਂ ਗਹਿਰਾਈਆਂ ਵਿੱਚੋਂ ਧੰਨਵਾਦ ਕੀਤਾ ਤੇ ਅਰਦਾਸ ਕੀਤੀ ਕਿ ਹਰ ਇੱਕ ਦੀ ਜ਼ਿੰਦਗੀ ਵਿੱਚ ਸਾਵਣ ਖੁਸ਼ੀਆਂ ਖੇੜੇ ਲੈ ਕੇ ਆਵੇ ਤੇ ਅਸੀਂ ਸਾਰੇ ਇਸੇ ਤਰ੍ਹਾਂ ਮਾਂ ਬੋਲੀ ਪੰਜਾਬੀ ਦਾ ਮਾਣ ਬਣਕੇ ਜਸ਼ਨ ਮਨਾਉਂਦੇ ਰਹੀਏ।




# ਭਾਰਤ ਅਤੇ ਥਾਈਲੈਂਡ ਨੇ ਆਨਲਾਈਨ ਸਕੈਮ ਨਾਲ ਨਿਪਟਣ ਲਈ ਸਹਿਯੋਗ ਵਧਾਉਣ 'ਤੇ ਕੀਤੀ ਚਰਚਾ

ਬੈਂਕਾਕ
ਸਾਂਝੀ ਸੋਚ ਬਿਊਰੋ

ਥਾਈਲੈਂਡ ਵਿੱਚ ਭਾਰਤ ਦੇ ਰਾਜਦੂਤ ਪੁਨੀਤ ਅਗਰਵਾਲ ਨੇ ਸੋਮਵਾਰ ਨੂੰ ਥਾਈਲੈਂਡ ਦੇ ਡਿਜੀਟਲ ਅਰਥਵਿਵਸਥਾ ਅਤੇ ਸਮਾਜ ਮੰਤਰੀ ਚੈਚਾਨੋਕ ਚਿਦਚੋਬ ਨਾਲ ਸੈਲਾਨੀਆਂ ਦੀ ਸਹੂਲਤ ਲਈ ਸਹਿਯੋਗ ਵਧਾਉਣ, ਔਨਲਾਈਨ ਘੁਟਾਲਿਆਂ ਦਾ ਮੁਕਾਬਲਾ ਕਰਨ ਅਤੇ ਡਿਜੀਟਲ ਈਕੋਸਿਸਟਮ ਨੂੰ ਏਕੀਕ੍ਰਿਤ ਕਰਨ 'ਤੇ ਇੱਕ ਮੀਟਿੰਗ ਕੀਤੀ।

ਥਾਈਲੈਂਡ ਵਿੱਚ ਭਾਰਤੀ ਦੂਤਾਵਾਸ ਨੇ ਐਕਸ 'ਤੇ ਲਿਖਿਆ, "ਰਾਜਦੂਤ ਪੁਨੀਤ ਅਗਰਵਾਲ ਨੇ ਥਾਈਲੈਂਡ ਦੇ ਡਿਜੀਟਲ ਅਰਥਵਿਵਸਥਾ ਅਤੇ ਸਮਾਜ ਮੰਤਰੀ ਮਹਾਮਹਿਮ ਸ਼੍ਰੀ ਚੈਚਾਨੋਕ ਚਿਦਚੋਬ ਨਾਲ ਸ਼ਿਸ਼ਟਾਚਾਰ ਮੁਲਾਕਾਤ ਕੀਤੀ।"“ਡਿਜੀਟਲ ਤਕਨਾਲੋਜੀਆਂ 'ਤੇ ਮੌਜੂਦਾ ਦੁਵੱਲੇ ਸਮਝੌਤੇ ਤਹਿਤ ਸਹਿਯੋਗ ਵਧਾਉਣ, ਔਨਲਾਈਨ ਘੁਟਾਲਿਆਂ ਦਾ ਮੁਕਾਬਲਾ ਕਰਨ 'ਤੇ ਅਨੁਭਵ ਸਾਂਝਾ ਕਰਨ, ਸੈਲਾਨੀਆਂ ਦੀ ਸਹੂਲਤ ਲਈ ਡਿਜੀਟਲ ਈਕੋਸਿਸਟਮ ਨੂੰ ਏਕੀਕ੍ਰਿਤ ਕਰਨ, ਆਦਿ 'ਤੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕੀਤਾ ਗਿਆ ਇਸ ਵਿੱਚ ਕਿਹਾ ਗਿਆ ਹੈ। ਪਿਛਲੇ ਮਹੀਨੇ, ਰਾਜਦੂਤ ਅਗਰਵਾਲ ਅਤੇ ਥਾਈਲੈਂਡ ਦੇ ਉਪ ਪ੍ਰਧਾਨ ਮੰਤਰੀ ਅਤੇ ਆਵਾਜਾਈ ਮੰਤਰੀ ਫਿਪਤ ਰਤਚਕਿਤਪ੍ਰਕਰਨ ਨੇ ਮੁਲਾਕਾਤ ਕੀਤੀ ਅਤੇ ਵਧੇ ਹੋਏ ਸਮੁੰਦਰੀ, ਹਵਾਈ ਅਤੇ ਸੜਕੀ ਸੰਪਰਕ, ਲੋਕਾਂ-ਤੋਂ-ਲੋਕਾਂ ਦੇ ਸਬੰਧਾਂ ਅਤੇ ਸੈਰ-ਸਪਾਟਾ ਸਬੰਧਾਂ ਨੂੰ ਡੂੰਘਾ ਕਰਨ ਰਾਹੀਂ ਰਣਨੀਤਕ ਭਾਈਵਾਲੀ ਨੂੰ ਮਜ਼ਬੂਤ ਕਰਨ ਦੇ ਤਰੀਕਿਆਂ 'ਤੇ ਚਰਚਾ ਕੀਤੀ।



ਪਿਛਲੇ ਸਾਲ ਅਪ੍ਰੈਲ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਬੈਂਕਾਕ ਫੇਰੀ ਦੌਰਾਨ ਭਾਰਤ ਅਤੇ ਥਾਈਲੈਂਡ ਨੇ ਦੁਵੱਲੇ ਸਬੰਧਾਂ ਨੂੰ ਰਣਨੀਤਕ ਭਾਈਵਾਲੀ ਤੱਕ ਵਧਾ ਦਿੱਤਾ ਸੀ। 16 ਜੁਲਾਈ ਨੂੰ, ਅਗਰਵਾਲ ਨੇ ਥਾਈਲੈਂਡ ਦੇ ਵਿਦੇਸ਼ ਮੰਤਰਾਲੇ ਵਿੱਚ ਦੱਖਣੀ ਏਸ਼ੀਆਈ, ਮੱਧ ਪੂਰਬ ਅਤੇ ਅਫਰੀਕੀ ਮਾਮਲਿਆਂ ਦੇ ਵਿਭਾਗ ਦੇ ਡਾਇਰੈਕਟਰ-ਜਨਰਲ (ਡੀਜੀ) ਉਰਾਸਾ ਮੋਂਗਕੋਲਨਾਵਿਨ ਨਾਲ ਮੁਲਾਕਾਤ ਕੀਤੀ ਅਤੇ ਦੋਵਾਂ ਦੇਸ਼ਾਂ ਵਿਚਕਾਰ ਰਣਨੀਤਕ ਭਾਈਵਾਲੀ ਨੂੰ ਮਜ਼ਬੂਤ ਕਰਨ ਲਈ ਆਪਸੀ ਹਿੱਤ ਦੇ ਮੁੱਦਿਆਂ 'ਤੇ ਚਰਚਾ ਕੀਤੀ। "ਰਾਜਦੂਤ ਪੁਨੀਤ ਅਗਰਵਾਲ ਨੇ ਥਾਈਲੈਂਡ ਦੇ ਵਿਦੇਸ਼ ਮੰਤਰਾਲੇ ਦੇ ਦੱਖਣੀ ਏਸ਼ੀਆਈ, ਮੱਧ ਪੂਰਬ ਅਤੇ ਅਫਰੀਕੀ ਮਾਮਲਿਆਂ ਦੇ ਵਿਭਾਗ ਦੀ ਡੀਜੀ ਸ਼੍ਰੀਮਤੀ ਉਰਾਸਾ ਮੋਂਗਕੋਲਨਾਵਿਨ ਨਾਲ ਮੁਲਾਕਾਤ ਕੀਤੀ। ਦੋਵਾਂ ਧਿਰਾਂ ਨੇ ਭਾਰਤ ਅਤੇ ਥਾਈਲੈਂਡ ਵਿਚਕਾਰ ਰਣਨੀਤਕ ਭਾਈਵਾਲੀ ਨੂੰ ਹੋਰ ਮਜ਼ਬੂਤ ਕਰਨ ਲਈ ਉੱਚ-ਪੱਧਰੀ ਦੌਰੇ, ਵਪਾਰ ਅਤੇ ਨਿਵੇਸ਼, ਲੋਕਾਂ ਤੋਂ ਲੋਕਾਂ ਤੱਕ ਸੰਪਰਕ, ਜਨਤਕ ਸਿਹਤ ਅਤੇ ਰਵਾਇਤੀ ਦਵਾਈ ਆਦਿ ਵਰਗੇ ਆਪਸੀ ਹਿੱਤ ਦੇ ਵੱਖ-ਵੱਖ ਮੁੱਦਿਆਂ 'ਤੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕੀਤਾ।"ਅਗਰਵਾਲ ਨੇ ਸਰਕਾਰੀ ਹਾਊਸ ਵਿਖੇ ਥਾਈਲੈਂਡ ਦੇ ਵਪਾਰ ਪ੍ਰਤੀਨਿਧੀ ਚੁਟਿਨਟੋਰਨ ਗੋਂਗਸਾਕਦੀ ਨਾਲ ਵੀ ਮੁਲਾਕਾਤ ਕੀਤੀ, ਜਿਸ ਵਿੱਚ ਵਪਾਰ ਅਤੇ ਨਿਵੇਸ਼ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ 'ਤੇ ਕੇਂਦ੍ਰਿਤ ਚਰਚਾ ਕੀਤੀ ਗਈ।

"ਰਾਜਦੂਤ ਪੁਨੀਤ ਅਗਰਵਾਲ ਨੇ ਸਰਕਾਰੀ ਹਾਊਸ ਵਿਖੇ ਥਾਈਲੈਂਡ ਦੇ ਵਪਾਰ ਪ੍ਰਤੀਨਿਧੀ, ਮਹਾਮਹਿਮ ਚੁਟਿਨਟੋਰਨ ਗੋਂਗਸਾਕਦੀ ਨਾਲ ਇੱਕ ਸੁਹਾਵਣਾ ਅਤੇ ਫਲਦਾਇਕ ਮੁਲਾਕਾਤ ਕੀਤੀ। ਵਿਚਾਰ-ਵਟਾਂਦਰੇ ਭਾਰਤ ਅਤੇ ਥਾਈਲੈਂਡ ਵਿਚਕਾਰ ਵਪਾਰ ਅਤੇ ਨਿਵੇਸ਼ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ, ਪੂਰਕਤਾ ਦੇ ਖੇਤਰਾਂ ਦੀ ਪਛਾਣ ਕਰਨ, ਟੈਰਿਫ ਅਤੇ ਗੈਰ-ਟੈਰਿਫ ਰੁਕਾਵਟਾਂ ਨੂੰ ਹੱਲ ਕਰਨ ਅਤੇ ਆਪਸੀ ਲਾਭ ਲਈ ਸੰਤੁਲਿਤ ਵਪਾਰ ਕਰਨ 'ਤੇ ਕੇਂਦ੍ਰਿਤ ਸਨ," ਥਾਈਲੈਂਡ ਵਿੱਚ ਭਾਰਤੀ ਦੂਤਾਵਾਸ ਨੇ ਐਕਸ 'ਤੇ ਲਿਖਿਆ।

# ਵਿਦੇਸ਼ ਮੰਤਰੀ ਜੈਸ਼ੰਕਰ ਨੇ ਲਾਈਬੇਰੀਅਨ ਵਫ਼ਦ ਨਾਲ ਕੀਤੀ ਮੁਲਾਕਾਤ

ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ

ਵਿਦੇਸ਼ ਮੰਤਰੀ (ਈਏਐਮ) ਐਸ. ਜੈਸ਼ੰਕਰ ਨੇ ਮੰਗਲਵਾਰ ਨੂੰ ਪੀਅਰ ਲਰਨਿੰਗ ਪ੍ਰੋਗਰਾਮ ਲਈ ਭਾਰਤ ਆਉਣ ਵਾਲੇ ਲਾਇਬੇਰੀਆ ਦੇ ਇੱਕ ਸੰਸਦੀ ਵਫ਼ਦ ਨਾਲ ਮੁਲਾਕਾਤ ਕੀਤੀ ਅਤੇ ਡੂੰਘੀ ਗਲੋਬਲ ਸਾਊਥ ਭਾਈਵਾਲੀ ਪ੍ਰਤੀ ਵਚਨਬੱਧਤਾ ਦੀ ਪੁਸ਼ਟੀ ਕੀਤੀ।

ਜੈਸ਼ੰਕਰ ਨੇ ਐਕਸ 'ਤੇ ਲਿਖਿਆ "ਆਈਬੀਐਸਏ ਦੁਆਰਾ ਫੰਡ ਪ੍ਰਾਪਤ ਪੀਅਰ ਲਰਨਿੰਗ ਪ੍ਰੋਗਰਾਮ ਲਈ ਭਾਰਤ ਆਉਣ ਵਾਲੇ ਲਾਇਬੇਰੀਆ ਦੇ ਇੱਕ ਸੰਸਦੀ ਵਫ਼ਦ ਨੂੰ ਮਿਲ ਕੇ ਖੁਸ਼ੀ ਹੋਈ। ਵਿਕਾਸ ਪ੍ਰੋਗਰਾਮਾਂ 'ਤੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕੀਤਾ, ਜਨ-ਧਨ ਯੋਜਨਾ, ਮੁਦਰਾ ਯੋਜਨਾ, ਸਵੈਨਿਧੀ, ਗਰੀਬ ਕਲਿਆਣ ਅੰਨਾ ਯੋਜਨਾ, ਜਲ ਜੀਵਨ ਮਿਸ਼ਨ, ਬੇਟੀ ਬਚਾਓ ਬੇਟੀ ਪੜ੍ਹਾਓ ਯੋਜਨਾ, ਅਤੇ ਮਿਸ਼ਨ ਅੰਮ੍ਰਿਤ ਸਰੋਵਰ ਦੇ ਤਜਰਬੇ ਸਾਂਝੇ ਕੀਤੇ। ਉਨ੍ਹਾਂ ਦੀ ਦਿਲਚਸਪੀ ਦੀ ਸ਼ਲਾਘਾ ਕੀਤੀ ਅਤੇ ਡੂੰਘੀ ਗਲੋਬਲ ਸਾਊਥ ਭਾਈਵਾਲੀ ਪ੍ਰਤੀ ਸਾਡੀ ਵਚਨਬੱਧਤਾ ਦੀ ਪੁਸ਼ਟੀ ਕੀਤੀ।ਵਫ਼ਦ ਵਿੱਚ ਲਾਇਬੇਰੀਅਨ ਸੈਨੇਟ ਅਤੇ ਪ੍ਰਤੀਨਿਧੀ ਸਭਾ ਦੇ ਮੈਂਬਰ ਅਤੇ ਲਾਇਬੇਰੀਆ ਦੇ ਮਹਿਲਾ ਵਿਧਾਨਕ ਕਾਕਸ ਦੇ ਮੈਂਬਰ ਸ਼ਾਮਲ ਸਨ, ਜਿਸਦੀ ਅਗਵਾਈ ਐਲਨ-ਅਟੋਹ ਵਰੇਹ ਨੇ ਕੀਤੀ, ਸੰਯੁਕਤ ਰਾਸ਼ਟਰ ਮਹਿਲਾਵਾਂ ਦੇ ਪ੍ਰਤੀਨਿਧੀਆਂ ਦੇ ਨਾਲ।

ਇਸ ਤੋਂ ਪਹਿਲਾਂ ਦਿਨ ਵਿੱਚ, ਮਹਿਲਾ ਅਤੇ ਬਾਲ ਵਿਕਾਸ ਮੰਤਰੀ ਅੰਨਪੂਰਨਾ ਦੇਵੀ ਨੇ ਨਵੀਂ ਦਿੱਲੀ ਵਿੱਚ ਵਫ਼ਦ ਨਾਲ ਮੁਲਾਕਾਤ ਕੀਤੀ। ਇਹ ਵਫ਼ਦ 10-15 ਅਗਸਤ ਤੱਕ ਦੱਖਣੀ-ਦੱਖਣੀ ਪੀਅਰ ਲਰਨਿੰਗ ਮਿਸ਼ਨ 'ਤੇ ਭਾਰਤ ਦਾ ਦੌਰਾ ਕਰ ਰਿਹਾ ਹੈ, ਜੋ ਕਿ ਸੰਯੁਕਤ ਰਾਸ਼ਟਰ ਮਹਿਲਾ ਦੇ ਸਮਰਥਨ ਨਾਲ ਆਯੋਜਿਤ ਕੀਤਾ ਗਿਆ ਹੈ ਅਤੇ ਭਾਰਤ, ਬ੍ਰਾਜ਼ੀਲ ਅਤੇ ਦੱਖਣੀ ਅਫਰੀਕਾ ਫੰਡ ਰਾਹੀਂ ਭਾਰਤ, ਬ੍ਰਾਜ਼ੀਲ ਅਤੇ ਦੱਖਣੀ ਅਫਰੀਕਾ ਦੀਆਂ ਸਰਕਾਰਾਂ ਦੁਆਰਾ ਫੰਡ ਕੀਤਾ ਗਿਆ ਹੈ, ਜੋ ਕਿ ਸੰਯੁਕਤ ਰਾਸ਼ਟਰ ਦੱਖਣੀ-ਦੱਖਣੀ ਸਹਿਯੋਗ ਦਫਤਰ ਦੁਆਰਾ ਸੰਚਾਲਿਤ ਹੈ।ਮੰਤਰੀ ਅਤੇ ਬਾਲ ਵਿਕਾਸ ਮੰਤਰਾਲੇ ਦੇ ਅਨੁਸਾਰ, ਵਫ਼ਦ ਨੂੰ ਔਰਤਾਂ ਦੀ ਅਗਵਾਈ ਵਾਲੇ ਵਿਕਾਸ ਲਈ ਭਾਰਤ ਦੀਆਂ ਮੁੱਖ ਪਹਿਲਕਦਮੀਆਂ ਬਾਰੇ ਜਾਣਕਾਰੀ ਦਿੱਤੀ ਗਈ।

ਅੰਨਪੂਰਨਾ ਦੇਵੀ ਨੇ ਔਰਤਾਂ ਨੂੰ ਰਾਸ਼ਟਰੀ ਵਿਕਾਸ ਦੇ ਸਰਗਰਮ ਏਜੰਟ ਵਜੋਂ ਦੇਖਣ ਦੇ ਭਾਰਤ ਦੇ ਦ੍ਰਿਸ਼ਟੀਕੋਣ ਨੂੰ ਰੇਖਾਂਕਿਤ ਕੀਤਾ ਅਤੇ ਔਰਤਾਂ ਦੇ ਸਸ਼ਕਤੀਕਰਨ ਲਈ ਭਾਰਤ ਦੀ ਵਿਧਾਨਕ, ਪ੍ਰੋਗਰਾਮੇਟਿਕ ਅਤੇ ਸੰਸਥਾਗਤ ਵਚਨਬੱਧਤਾ ਨੂੰ ਉਜਾਗਰ ਕੀਤਾ, ਜਿਸ ਵਿੱਚ ਔਰਤਾਂ ਦੀ ਰਾਜਨੀਤਿਕ ਪ੍ਰਤੀਨਿਧਤਾ, ਲਿੰਗ-ਜਵਾਬਦੇਹ ਸ਼ਾਸਨ ਅਤੇ ਬਜਟ, ਔਰਤਾਂ ਵਿਰੁੱਧ ਹਿੰਸਾ ਪ੍ਰਤੀ ਸੰਸਥਾਗਤ ਪ੍ਰਤੀਕਿਰਿਆਵਾਂ, ਦੇਖਭਾਲ ਅਰਥਵਿਵਸਥਾ ਅਤੇ ਸਥਾਨਕ ਸ਼ਾਸਨ ਵਿੱਚ ਔਰਤਾਂ ਦੀ ਅਗਵਾਈ ਸ਼ਾਮਲ ਹਨ, ਮੰਤਰਾਲੇ ਨੇ ਕਿਹਾ।ਦੋਵਾਂ ਧਿਰਾਂ ਨੇ ਸਾਂਝੇ ਹਿੱਤਾਂ ਦੇ ਖੇਤਰਾਂ 'ਤੇ ਮਹੱਤਵਪੂਰਨ ਵਿਚਾਰ-ਵਟਾਂਦਰਾ ਕੀਤਾ ਅਤੇ ਦੱਖਣ-ਦੱਖਣ ਸਹਿਯੋਗ ਦੇ ਢਾਂਚੇ ਦੇ ਅੰਦਰ ਦੋਵਾਂ ਦੇਸ਼ਾਂ ਵਿਚਕਾਰ ਸਹਿਯੋਗ ਨੂੰ ਡੂੰਘਾ ਕਰਨ ਲਈ ਆਪਣੀ ਵਚਨਬੱਧਤਾ ਪ੍ਰਗਟ ਕੀਤੀ।


WHOLE HOME SOLAR & BATTERY
STARTING AT $25,000
For a standard 5kW Solar & 14kWh Battery system
Roof or main panel upgrades not included
Clear & Up-Front Pricing
High-Efficiency Components
Permits and Utility Approvals Included
Protect Existing NEM 2.0 (Via Non-Export Configuration)
CALL HARRY FOR A QUOTE | (925) 537-2732
Harkaran Singh (HIS Registration #167489 SP) AUTHORIZED REPRESENTATIVE FOR TSP SOLAR SALES AND SERVICES (DBA TSP ROOFING AND SOLAR)
CSLB Contractor License #1096233 • C-10 Electrical, C-39 Roofing, B-General Building
Pricing & offer details vary by location & applicant.


IAPW
INTERNATIONAL ASSOCIATION of PUNJABI WOMEN
28th Annual
One n One Only
Yuba City
Since 1999
JASMEEN AKHTAR
LIVE PERFORMANCE
LIVE IN YUBA CITY
6th SEPT 2026
11AM TO 7PM
YUBA SUTTER FAIR GROUNDS
442 FRANKLIN AVEYUBA CITY, CA 95991
JOT RANJIT KAUR (SINGER & HOST)
PARM TAKHAR (HOST)
$10 MANDATORY RAFFLE ENTRY TICKET AT THE GATE FROM 10:00AM TO 3:00PM
$20 ENTRY TICKET 3:00PM TO 5:30PM
GATES CLOSE AT 5:30PM.
FOR PARTICIPATION, BOOTH BOOKINGS N SPONSORSHIP, PLEASE CONTACT
CALL : (530) 845-4800
KEERAT TAKHAR
HARNOOR KAUR
PINNU BRAR
DR. LOVELEEN SAMRA
BAL K SINDAL
NAVI GILL
HARDEEP HUNDAL
MANINDER MAAN
SHIVPREET BIHALA
HARDEEP BINNING
SUKHY JHUTTY
JASWANT DHILLON
SUKHNANDAN K LALLY
SITAL GURAYA
MANDEEP KAUR
MADHUPREET KAUR
UMBER MAAN


ONLY WAY TO GROW YOUR BUSINESS FASTER
BNG
(Business Network Gateway)
We work for you to
Boost Your Business
VIDEO ADVERTISEMENTS
We make professional video advertisements for your business in Punjabi, Hindi & English
POSTERS DESIGN
We design flyers, Posters and Post Cards to promote your business
BUSINESS CARD DESIGN
WE DESIGN YOUR BUSINESS CARD
SOCIAL MEDIA HANDLERS
We can manage your Business social media handlers Facebook, instagram & YouTube
24/7 TECH SUPPORT
We provide 24/7 tech support
For more information call
Boota Singh Basi +1 (209) 303-1260

# 700 ਤੋਂ ਜ਼ਿਆਦਾ ਬੂਟਿਆਂ ਦਾ ਲੰਗਰ ਲਗਾਇਆ

ਫਰੈਂਕਫਰਟ
ਸਰਬਜੀਤ ਸਿੰਘ



ਪਿੰਡ ਬਜੀਦ ਪੁਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਖੇ ਐਨ ਆਰ ਆਈ ਵੀਰਾਂ ਵਲੋਂ ਅੱਠਵੇਂ ਪਾਤਸ਼ਾਹ ਬਾਲਾ ਪ੍ਰੀਤਮ ਧੰਨ ਧੰਨ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਦੇ ਗੁਰਪੁਰਬ ਤੇ ਦਿਨ ਐਤਵਾਰ ਨੂੰ ਪਿੰਡ ਦੇ ਗੁਰਦੁਆਰਾ ਸਿੰਘ ਸਾਹਿਬ ਵਿੱਚ 09/08/26 ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਜਿਸ ਵਿੱਚ ਭਾਈ ਕਮਲਜੀਤ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਜੀ, ਭਾਈ ਕਰਮਜੀਤ ਸਿੰਘ ਪਿੰਡ ਬਜੀਦ ਪੁਰ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ ਗਿਆ ਅਤੇ ਭਾਈ ਪ੍ਰਕਾਸ਼ ਸਿੰਘ ਹੈੱਡ ਗ੍ਰੰਥੀ ਪਿੰਡ ਬਜੀਦ ਪੁਰ ਵਲੋਂ ਗੁਰੂ ਇਤਿਹਾਸ ਨਾਲ ਸੰਗਤਾਂ ਨੂੰ ਜਾਣੂ ਕਰਵਾਇਆ ਗਿਆ। ਇਸ ਦਿਨ ਭੋਗ ਪੈਣ ਉਪਰੰਤ ਸਾਉਣ ਮਹੀਨੇ ਨੂੰ ਮੁੱਖ ਰੱਖਦਿਆਂ ਮਾਲ੍ਹ ਪੂੜੇ ਦੇ ਲੰਗਰ ਲਗਾਏ ਗਏ ਅਤੇ ਪੰਜਾਬ ਦੇ ਵਿਰਾਸਤੀ ਰੁੱਖ ਜਿਹਨਾਂ ਵਿੱਚ ਟਾਹਲੀ, ਨਿੰਮ, ਸ਼ਰੀਂਹ, ਤੂਤ, ਸੁਹਾਂਜਣਾ, ਅਮਰੂਦ, ਬੇਰੀ, ਕਿੱਕਰ, ਅਰਜਨ, ਬੋਹੜ, ਪਿੱਪਲ, ਡੇਕ(ਧਰੇਕ) ਆਦਿ 700+ ਬੂਟਿਆਂ ਦੇ ਲੰਗਰ ਲਗਾਏ ਗਏ। ਸਾਰੀਆਂ ਸੰਗਤਾਂ ਨੇ ਆਪਣੀ ਮਰਜ਼ੀ ਅਨੁਸਾਰ ਛਾਂ ਦਾਰ, ਫ਼ਲ ਦਾਰ ਬੂਟੇ ਬਹੁਤ ਖੁਸ਼ੀ ਨਾਲ ਲਏ ਤੇ ਆਪਣੇ ਘਰ ਜਾਂ ਖੇਤ ਵਿੱਚ ਲਾਉਣ ਦੀ ਆਸ ਪ੍ਰਗਟਾਈ। ਅਸੀਂ ਰਲ ਮਿਲ ਕੇ ਪੰਜਾਬ ਨੂੰ ਮੁੜ ਹਰਿਆਂ ਭਰਿਆ ਬਣਾ ਸਕੀਏ ਦੀ ਆਸ ਵੀ ਜਿਤਾਈ।

ਬੂਟਿਆਂ ਦੀ ਸਾਰੀ ਸੇਵਾ 'ਆਸ ਸ਼ੋਸ਼ਲ ਵੈਲਫੇਅਰ ਸੋਸਾਇਟੀ ਪੰਜਾਬ' (ਰਜਿ: ਨੰਬਰ 231), 'ਕਲਗੀਧਰ ਸਪੋਰਟਸ ਐਂਡ ਵੈਲਫੇਅਰ ਕਲੱਬ' (ਪਿੰਡ ਬਜੀਦ ਪੁਰ), 'ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮਿਲ ਕੇ ਕੀਤੀ। ਇਸ ਸਾਰੇ ਕਾਰਜ ਵਿੱਚ ਸੇਵਾ ਕਰਦਿਆਂ 'ਆਸ ਸੋਸ਼ਲ ਵੈੱਲਆਫ਼ੇਰ ਸੋਸਾਇਟੀ ਪੰਜਾਬ' ਦੇ ਸਰਪ੍ਰਸਤ ਜਨਰਲ ਮੈਨੇਜਰ ਸ਼ੂਗਰ ਮਿਲ ਨਵਾਂ ਸ਼ਹਿਰ ਸੁੱਖਵਿੰਦਰ ਸਿੰਘ ਤੂਰ, ਪ੍ਰਧਾਨ ਜੋਬਨਪ੍ਰੀਤ ਸਿੰਘ ਭੰਗਲ ਨਵਾਂਸ਼ਹਿਰ ਲਾਈਵ ਚੈਨਲ ਵਾਲ਼ੇ ਅਤੇ ਉਹਨਾਂ ਦੀ ਟੀਮ ਨੇ ਖਾਸ ਯੋਗਦਾਨ ਪਾਇਆ। ਪਿੰਡ ਦੇ ਐਨ ਆਰ ਆਈ ਵੀਰਾਂ ਨੇ ਇਸ ਤਰ੍ਹਾਂ ਦੇ ਉਪਰਾਲੇ ਭਵਿੱਖ ਵਿੱਚ ਹੋਰ ਵੱਧ ਚੜ੍ਹ ਕੇ ਕੀਤੇ ਜਾਣ ਦੀ ਆਸ ਪ੍ਰਗਟਾਈ। ਵੀਰਾਂ ਦਾ ਕਹਿਣਾ ਹੈ ਕਿ ਸਾਨੂੰ ਪੰਜਾਬ ਨੂੰ ਸੁਆਰਨ, ਹਰਿਆ ਭਰਿਆ ਕਰਨ ਲਈ ਇਸ ਤਰ੍ਹਾਂ ਦੇ ਉਪਰਾਲੇ ਆਪ ਹੀ ਰਲ ਮਿਲ ਕੇ ਕਰਨੇ ਚਾਹੀਦੇ ਹਨ ਤਾਂ ਜੋ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਸੁਖਾਵੇ ਵਾਤਾਵਰਣ ਵਿੱਚ ਜ਼ਿੰਦਗੀ ਬਤੀਤ ਕਰ ਸਕਣ।

ਆਉ ਆਪਾਂ ਇੱਕ ਇੱਕ ਬੂਟਾ ਲਾਈਏ,
ਪੰਜਾਬ ਨੂੰ ਮੁੜ ਰਹਿਣ ਯੋਗ ਬਣਾਈਏ।

# ਜਵਾਹਰ ਨਵੋਦਿਆ ਵਿਦਿਆਲਿਆ ਪ੍ਰੈਕਟਿਸ ਕਿਟ: ਸੇਵਾ ਮੁਕਤ ਪ੍ਰਿੰਸੀਪਲ ਡਾ. ਵਿਜੈ ਗਰਗ ਦੀ ਨਵੀਂ ਕਿਤਾਬ ਲੋਕ ਅਰਪਣ

ਮਲੋਟ
ਸਾਂਝੀ ਸੋਚ ਬਿਊਰੋ



ਜਵਾਹਰ ਨਵੋਦਿਆ ਵਿਦਿਆਲਿਆ ਵਿੱਚ ਦਾਖ਼ਲੇ ਦੀ ਤਿਆਰੀ ਕਰ ਰਹੇ ਵਿਦਿਆਰਥੀਆਂ ਲਈ ਸੇਵਾ ਮੁਕਤ ਪ੍ਰਿੰਸੀਪਲ ਅਤੇ ਸਿੱਖਿਆਵਿਦ ਡਾ. ਵਿਜੈ ਗਰਗ ਵੱਲੋਂ ਲਿਖੀ ਨਵੀਂ ਕਿਤਾਬ "ਜਵਾਹਰ ਨਵੋਦਿਆ ਵਿਦਿਆਲਿਆ ਪ੍ਰੈਕਟਿਸ ਕਿਟ" ਪਾਠਕਾਂ ਨੂੰ ਸਮਰਪਿਤ ਕੀਤੀ ਗਈ। ਇਸ ਕਿਤਾਬ ਨੂੰ ਪ੍ਰਿੰਸੀਪਲ ਚੰਦਰ ਮੋਹਨ, ਚੰਦਰ ਮਾਡਲ ਹਾਈ ਸਕੂਲ ਮਲੋਟ ਵੱਲੋਂ ਲੋਕ ਅਰਪਣ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਚੰਦਰ ਮੋਹਨ ਨੇ ਕਿਹਾ ਕਿ ਜਵਾਹਰ ਨਵੋਦਿਆ ਵਿਦਿਆਲਿਆ ਵਿੱਚ ਦਾਖ਼ਲਾ ਪ੍ਰੀਖਿਆ ਵਿਦਿਆਰਥੀਆਂ ਲਈ ਇੱਕ ਮਹੱਤਵਪੂਰਨ ਮੌਕਾ ਹੈ। ਇਸ ਤਰ੍ਹਾਂ ਦੀਆਂ ਅਭਿਆਸ-ਆਧਾਰਿਤ ਕਿਤਾਬਾਂ ਵਿਦਿਆਰਥੀਆਂ ਨੂੰ ਪ੍ਰੀਖਿਆ ਦੇ ਪੈਟਰਨ ਨੂੰ ਸਮਝਣ, ਨਿਯਮਿਤ ਅਭਿਆਸ ਕਰਨ ਅਤੇ ਆਪਣੀ ਤਿਆਰੀ ਦਾ ਮੁਲਾਂਕਣ ਕਰਨ ਵਿੱਚ ਸਹਾਇਤਾ ਕਰ ਸਕਦੀਆਂ ਹਨ। ਡਾ. ਵਿਜੈ ਗਰਗ ਨੇ ਦੱਸਿਆ ਕਿ "ਜਵਾਹਰ ਨਵੋਦਿਆ ਵਿਦਿਆਲਿਆ ਪ੍ਰੈਕਟਿਸ ਕਿਟ" ਤਿਆਰ ਕਰਨ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਦਾਖ਼ਲਾ ਪ੍ਰੀਖਿਆ ਦੀ ਤਿਆਰੀ ਲਈ ਸੁਚੱਜੀ ਅਤੇ ਅਭਿਆਸ-ਕੇਂਦਰਿਤ ਸਮੱਗਰੀ ਉਪਲਬਧ ਕਰਵਾਉਣਾ ਹੈ। ਕਿਤਾਬ ਵਿੱਚ ਵਿਦਿਆਰਥੀਆਂ ਦੀ ਤਰਕਸ਼ਕਤੀ, ਗਣਿਤੀ ਯੋਗਤਾ, ਭਾਸ਼ਾਈ ਸਮਝ ਅਤੇ ਮਾਨਸਿਕ ਯੋਗਤਾ ਨੂੰ ਮਜ਼ਬੂਤ ਕਰਨ ਲਈ ਅਭਿਆਸ ਸਮੱਗਰੀ ਸ਼ਾਮਲ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਪਿੰਡਾਂ ਅਤੇ ਛੋਟੇ ਸ਼ਹਿਰਾਂ ਦੇ ਵਿਦਿਆਰਥੀਆਂ ਨੂੰ ਗੁਣਵੱਤਾ ਵਾਲੀ ਤਿਆਰੀ ਸਮੱਗਰੀ ਉਪਲਬਧ ਕਰਵਾਉਣਾ ਉਨ੍ਹਾਂ ਦੇ ਸਿੱਖਿਆ-ਸਬੰਧੀ ਯਤਨਾਂ ਦਾ ਇੱਕ ਮਹੱਤਵਪੂਰਨ ਹਿੱਸਾ ਹੈ। ਕਿਤਾਬ ਵਿਦਿਆਰਥੀਆਂ ਨੂੰ ਸਵੈ-ਅਧਿਐਨ ਅਤੇ ਨਿਰੰਤਰ ਅਭਿਆਸ ਲਈ ਪ੍ਰੇਰਿਤ ਕਰਨ ਦਾ ਯਤਨ ਹੈ। ਕਿਤਾਬ ਦੇ ਲੋਕ ਅਰਪਣ ਮੌਕੇ ਸਕੂਲ ਦੇ ਅਧਿਆਪਕਾਂ ਅਤੇ ਸਿੱਖਿਆ ਨਾਲ ਜੁੜੇ ਹੋਰ ਵਿਅਕਤੀਆਂ ਨੇ ਡਾ. ਵਿਜੈ ਗਰਗ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੀਆਂ ਪੁਸਤਕਾਂ ਵਿਦਿਆਰਥੀਆਂ ਦੀ ਪ੍ਰਤੀਯੋਗੀ ਪ੍ਰੀਖਿਆਵਾਂ ਲਈ ਤਿਆਰੀ ਨੂੰ ਹੋਰ ਸੁਚਾਰੂ ਬਣਾਉਣ ਵਿੱਚ ਲਾਹੇਵੰਦ ਸਾਬਤ ਹੋ ਸਕਦੀਆਂ ਹਨ।

# ਸ਼੍ਰੀ ਪ੍ਰਸ਼ੋਤਮ ਲਾਲ ਗੋਇਲ ਅੰਦਾਜ ਫਲੈਕਸ ਵਾਲਿਆਂ ਦੀ ਯਾਦ ਵਿੱਚ ਬਜ਼ੁਰਗਾਂ ਲਈ ਲੋੜੀਂਦੇ ਸਹਾਇਕ ਉਪਕਰਨਾਂ ਦਾ ਰਜਿਸਟ੍ਰੇਸ਼ਨ ਕੈਂਪ

ਬਰੇਟਾ
ਡਾ.ਸੰਦੀਪ ਘੰਡ



ਬਿੱਗਹੋਪ ਫਾਊਂਡੇਸ਼ਨ ਬਰੇਟਾ ਵੱਲੋਂ ਸਮਾਜ ਸੇਵੀ ਸਵ.ਸ਼੍ਰੀ ਪ੍ਰਸ਼ੋਤਮ ਲਾਲ ਗੋਇਲ ਮੈਬਰ ਵਾਇਸ ਆਫ ਮਾਨਸਾ ਦੀ ਯਾਦ ਨੂੰ ਸਮਰਪਿਤ ਬਜ਼ੁਰਗਾਂ ਅਤੇ ਦਿਵਿਆਂਗ ਵਿਅਕਤੀਆਂ ਲਈ ਲੋੜੀਂਦੇ ਸਹਾਇਕ ਉਪਕਰਨ ਮੁਹੱਈਆ ਕਰਵਾਉਣ ਲਈ ਇੱਕ ਵਿਸ਼ੇਸ਼ ਰਜਿਸਟ੍ਰੇਸ਼ਨ ਕੈਂਪ ਗਊਸ਼ਾਲਾ ਭਵਨ ਮਾਨਸਾ ਵਿਖੇ ਲਗਾਇਆ ਗਿਆ। ਕੈਂਪ ਵਿੱਚ 100 ਤੋਂ ਵੱਧ ਲੋੜਵੰਦਾਂ ਨੇ ਆਪਣੇ ਨਾਮ ਦਰਜ ਕਰਵਾਏ।

ਕੈਂਪ ਦੇ ਪ੍ਰਬੰਧਕ ਮਨਿੰਦਰ ਸਿੰਗਲਾ,ਸੋਰਵ ਗੋਇਲ ਨੇ ਦੱਸਿਆ ਕਿ ਕੈਂਪ ਦੌਰਾਨ ਵੀਲਚੇਅਰ, ਕਮੋਡ ਕੁਰਸੀ, ਸੁਣਨ ਵਾਲੀ ਮਸ਼ੀਨ, ਫੋੜੀਆਂ, ਤੁਰਨ ਵਾਲੀ ਸੋਟੀ, ਸਰਵਾਈਕਲ ਕਾਲਰ, ਕਮਰ ਦੀ ਬੈਲਟ, ਰੀੜ੍ਹ ਦੀ ਹੱਡੀ ਲਈ ਬੈਲਟ, ਗੋਡਿਆਂ ਦੇ ਕੈਪ, ਬੈਠਣ ਵਾਲੀ ਛੜੀ ਸਮੇਤ ਹੋਰ ਸਹਾਇਕ ਉਪਕਰਨਾਂ ਲਈ ਰਜਿਸਟ੍ਰੇਸ਼ਨ ਕੀਤੀ ਗਈ। ਉਹਨਾਂ ਇਹ ਵੀ ਦੱਸਿਆ ਕਿ ਇਹ ਉਪਕਰਨ ਭਾਰਤ ਸਰਕਾਰ ਦੀ ਏ.ਡੀ.ਆਈ.ਪੀ. ਯੋਜਨਾ ਤਹਿਤ ਯੋਗ ਲਾਭਪਾਤਰੀਆਂ ਨੂੰ ਮੁਹੱਈਆ ਕਰਵਾਏ ਜਾਣਗੇ, ਜਿਸ ਵਿੱਚ ਆਸਰਾ ਮਾਨਸਾ** ਅਤੇ ਮਨੂ ਆਸਰਾ ਬਰੇਟਾ ਦਾ ਸਹਿਯੋਗ ਰਹੇਗਾ।

ਇਸ ਮੌਕੇ ਸਵ. ਸ਼੍ਰੀ ਪ੍ਰਸ਼ੋਤਮ ਲਾਲ ਗੋਏਲ ਦੇ ਸਮਾਜਿਕ ਯੋਗਦਾਨ ਨੂੰ ਯਾਦ ਕਰਦਿਆਂ ਡਾ ਜਨਕ ਰਾਜ ਸਿੰਗਲਾ ਵਾਇਸ ਆਫ ਮਾਨਸਾ ਪ੍ਰਧਾਨ,ਡਾ ਸੰਦੀਪ ਘੰਡ ਐਡਵੋਕੇਟ ਚੈਅਰਮੇਨ ਸਿੱਖਿਆ ਕਲਾ ਮੰਚ ਮਾਨਸਾ,ਬੀਝੇਪੀ ਆਗੂ ਮੁਨੀਸ਼ ਬੱਬੀ ਦਾਨੇਵਾਲੀਆ,ਫਿਲਮੀ ਕਲਾਕਾਰ ਸੁਖਦੀਪ ਸੁੱਖੀ ਖਿਆਲਾਕਲਾਂ,ਨਵੇਂ ਦਿਸਹਦੇ ਪ੍ਰਧਾਨ ਹਰਦੀਪ ਸਿੱਧੂ,ਨਿਤਨ ਬਾਂਸਲ,ਹਿਮਾਸ਼ੂ ਗੋਇਲ ਨੇ ਕਿਹਾ ਕਿ ਉਹ ਇੱਕ ਸਫਲ ਉਦਯੋਗਪਤੀ ਹੋਣ ਦੇ ਨਾਲ-ਨਾਲ ਕਈ ਸਮਾਜ ਸੇਵੀ ਸੰਸਥਾਵਾਂ ਨਾਲ ਜੁੜੇ ਰਹੇ ਅਤੇ ਹਮੇਸ਼ਾ ਲੋਕ ਭਲਾਈ ਦੇ ਕੰਮਾਂ ਵਿੱਚ ਅੱਗੇ ਰਹੇ। ਉਨ੍ਹਾਂ ਦੀ ਸੋਚ ਨੂੰ ਅੱਗੇ ਵਧਾਉਂਦਿਆਂ ਉਨ੍ਹਾਂ ਦੇ ਪਰਿਵਾਰ ਵੱਲੋਂ ਇਹ ਉਪਰਾਲਾ ਕੀਤਾ ਗਿਆ ਹੈ।

ਕੈਂਪ ਦੀ ਅਗਵਾਈ ਕਰਦਿਆਂ ਬਿੱਗ ਹੋਪ ਫਾਊਡੇਸ਼ਨ ਦੇ ਮਨਿੰਦਰ ਸਿੰਗਲਾ,ਨਵੀ ਕੂਲਹੇਰੀ,ਡਿੰਪਲ ਫਰਵਾਹੀ,ਸੁਖਚੇਨ ਸੁੱਖਾ ਅੰਦਾਜ ਫਲੈਕਸ,ਸੁੱਖਾ ਫਫੜੇ ਭਾਈਕੇ ਨੇ ਕਿਹਾ ਕਿ ਉਹਨਾਂ ਦੀ ਸੰਸ਼ਥਾ ਦਾ ਟੀਚਾ ਹੈ ਕਿ ਮਾਨਸਾ ਅਤੇ ਇਸ ਦੇ ਨਾਲ ਲੱਗਦੇ ਜਿਲਿਆਂ ਵਿੱਚ ਵੀ ਕੋਈ ਲੋੜਵੰਦ ਸਹਾਇਕ ਉਪਕਰਨ ਤੋਂ ਵਾਂਝਾਂ ਨਾ ਰਹੇ ਇਸ ਲਈ ਉਹਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਜਿਸ ਨੂੰ ਵੀ ਇਹ ਉਪਕਰਨ ਚਾਹੀਦਾ ਹੋਵੇ ਉਹ ਉਹਨਾਂ ਨਾਲ ਸਪਰੰਕ ਕਰ ਸਕਦਾ ਹੈ ਅਤੇ ਜਲਦੀ ਹੋਰ ਵੀ ਕੈਂਪ ਲਾਏ ਜਾ ਰਹੇ ਹਨ।

Space available for Ad
Contact # +1 (209) 303-1260
Contact # +91 81463-20009




SANJHA ਪੰਜਾਬ USA
SANJHA PUNJAB USA
PRESENTS
Sufi Sham
with
HANSRAJ HANS
LIVE IN USA
HANSRAJ HANS
USA TOUR
2026
SEPT 5TH, 2026 (SATURDAY) | AT 8:00 PM
The Space at Westburry
250 Post Ave, Westbury, NY 11590
BRING YOUR FAMILY & FRIENDS
DON'T MISS IT!
FOR MORE INFO:
S. Balwinder S. Bajwa | +1 (516) 852-2222

# ਪਬਲਿਕ ਹਿਤ ਵਿਚ ਸੂਚਨਾ

ਜਿੱਥੇ ਜਿੱਥੇ ਵੀ ਇਹ ਅਵਾਜ ਪਹੁੰਚ ਰਹੀ ਹੈ ਮੈਂ ਗੁਰਦੀਪ ਸਿੰਘ ਸੰਧੂ ਹੋਮਿਓਪੈਥਿਕ ਕਨਸਲਟੈਂਟ ਉਮਰ ਦੇ ਪੰਝਤਰਵੇਂ ਸਾਲ ਵਿੱਚ ਮੇਰੀ ਮੈਡੀਕਲ ਪ੍ਰੈਕਟਿਸ ਦੇ ਪੰਜਾਹ ਸਾਲ ਪੂਰੇ ਹੋਣ ਤੇ ਅਤੇ ਇਸ ਵਕਤ ਅਮੈਰਿਕਨ ਇਕੋਨਮੀ ਦੀ ਸਭ ਤੋਂ ਮਾੜੀ ਹਾਲਤ ਹੋਣ ਕਰਕੇ ਇਹ ਐਲਾਨ ਕਰਦਾ ਹਾ ਕਿ ਹਰੇਕ ਬਿਮਾਰ ਜੋ ਕਿਸੇ ਵੀ ਉਮਰ ਵਿੱਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਥੱਕ ਗਏ ਹਨ ਤਾਂ ਕੀਮਤਾਂ ਦੀ ਪ੍ਰਵਾਹ ਕੀਤੇ ਬਿਨਾਂ ਜੋ ਵੀ ਤੁਹਾਡੀ ਜੇਬ ਇਜਾਜ਼ਤ ਦੇਵੇ ਉਹੀ ਦੇ ਕੇ ਇਲਾਜ ਕਰਵਾ ਸਕਦੇ ਹੋ। ਬੱਸ ਇੱਕ ਗੱਲ ਯਾਦ ਰੱਖਣਾ ਕਿ ਮੁਰਗੀ ਨਾ ਮਰੇ ਤੇ ਅੰਡੇ ਮਿਲਦੇ ਰਹਿਣ ਮੇਰੀ ਇਲਾਜ ਕਰਨ ਦੀ ਸਮਰੱਥਾ ਵੀ ਬਣੀ ਰਹੇ ਤੇ ਤੁਹਾਡਾ ਵੀ ਘੱਟ ਖਰਚ ਨਾਲ ਇਲਾਜ ਹੋ ਸਕੇ ।

ਕਾਲ ਕਰ ਸਕਦੇ ਹੋ 408-687-1899

ਮੇਰੇ ਵੱਲੋਂ ਸਿਹਤ ਵਿਗਿਆਨ ਦੀ ਲੜੀਵਾਰ ਸੀਰੀਜ ਸੁਣਨ ਲਈ ਮੇਰਾ ਯੂ ਟਿਊਬ ਚੈਨਲ, **https://youtu.be/-DUhK3cACEU SabRangstation.com** ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 **AM** ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

# INFORMATION IN PUBLIC INTREST

I, Gurdip S Sandhu Homeopathic consultant at the completion of my 50 years of medical practice and in my 75 year of age and in worst condition of American economy, I declare that any one suffering and tired of any treatment for any disease at any age call for best homeopathic treatment with economical price charges which suites to your pocket but Make sure you take the egg and still the hen survives so that I can continue serving your health needs.

To listen to my health education lecture series, go to https://youtu.be/-DUhK3cACEU, Sabrangstation.com you can listen in cars @ Radio Sabrang and Radio Parwas while driving from 5pm to 6 pm. Facebook, Youtube Radio Punjab 1310 AM tune to 3.35pm to 3.55 pm Daily in Punjabi and 4.35 to 4.55 in Hindi . TV Sanjhi Soch Monday, Wednesday  Friday in Punjabi.


## HOMEOPATHIC NATURAL MEDICINES

**When Tired of All Treatments, For any Disease, at any Age Try Alternative Treatment**

**Safe and Effective Medicines without any Side Effects**



**GURDIP S SANDHU**




**Consultant/Physician Since 1973 DHMS-Gold Medalist, BAMS, MDEH Ex-Prof, Principal & CMO Medical Colleges/Hospitals in India**

**(408) 687-1899 (925) 587-1148**

**Homeopathic Medicine and Notary Consultancy**

9701 SARA ANN CT DUBLIN, CA 94568

**PRACTICE UNDER PROVISION OF ACT SB_577 STATE OF CA**

Gillson TRUCKING INC

# NOW HIRING
## TRUCK DRIVERS CLASS A CDL



- ✓ Signing Bonus
- ✓ Top pay
- ✓ Mileage Pay
- ✓ Great Benefits
- ✓ Over the Road or Local Routes
- ✓ Reefers and Dry Van Operations
- ✓ No touch freight



### SKILLS
- ✓ Responsible truck driver.
- ✓ Experience with electronic equipment.
- ✓ Ability to travel regularly.
- ✓ Adaptivity and foresight to handle unexpected situations (traffic, weather conditions and roads, etc.)

### RESPONSIBILITIES
- ✓ Safely operating assigned vehicles.
- ✓ The Vehicles are maintained and serviced as needed.
- ✓ Report any vehicle defects for repair.
- ✓ Make safety a priority at all times.
- ✓ Comply with standard federal laws and with company. policies and procedures.

### PAY
- ✓ Average pay: $0.45-$0.60 cents/mile
- ✓ Weekly direct deposits
- ✓ Bonuses for clean inspections
- ✓ High mileage bonuses

### NEWER EQUIPMENT

Freightliner and Volvo 2020 and present
Reset pay away from Terminals– Stockton,. CA and Dayton, Ohio

Flexible Home Time | Pet Friendly | Rider Policy

SCAN QR CODE FOR
APPLY NOW

HEALTH BENEFITS: Health | Dental | Vision

1801 E Dr. Martin Luther King Jr. Blvd.
Stockton, CA 95205

925-400-9094 ext. 116, ext. 130 and ext. 144

info@teamgillson.com



GET IN TOUCH gillsontrucking company/gillsontrucking www.teamgillson.com

# ਪਾਕਿਸਤਾਨ ਦਾ ਕਰਾਚੀ ਦੁਨੀਆ ਦੇ ਸਭ ਤੋਂ ਘੱਟ ਰਹਿਣ ਯੋਗ ਸ਼ਹਿਰਾਂ ਵਿੱਚ ਸ਼ਾਮਲ

ਕਰਾਚੀ
ਸਾਂਝੀ ਸੋਚ ਬਿਊਰੋ

ਕਰਾਚੀ ਸਾਲਾਂ ਤੋਂ ਪਾਕਿਸਤਾਨ ਦਾ ਆਰਥਿਕ ਇੰਜਣ ਬਣਿਆ ਹੋਇਆ ਹੈ ਪਰ ਦੇਰੀ ਨਾਲ ਚੱਲ ਰਹੇ ਪ੍ਰੋਜੈਕਟਾਂ, ਮਾੜੇ ਤਾਲਮੇਲ ਅਤੇ ਪ੍ਰਸ਼ਾਸਕੀ ਅਸਫਲਤਾਵਾਂ ਨੇ ਇਸਨੂੰ ਇੱਕ ਅਜਿਹਾ ਸ਼ਹਿਰ ਬਣਨ ਤੋਂ ਰੋਕਿਆ ਹੈ ਜੋ ਇਸਦੀ ਮਹੱਤਤਾ ਦੇ ਅਨੁਸਾਰ ਹੋਵੇ। ਇੰਨਾ ਮਹੱਤਵਪੂਰਨ ਹੋਣ ਦੇ ਬਾਵਜੂਦ, ਕਰਾਚੀ ਦੁਨੀਆ ਦੇ ਸਭ ਤੋਂ ਘੱਟ ਰਹਿਣ ਯੋਗ ਸ਼ਹਿਰਾਂ ਵਿੱਚੋਂ ਇੱਕ ਹੈ, ਜੋ ਬੁਨਿਆਦੀ ਢਾਂਚੇ, ਜਨਤਕ ਸੇਵਾਵਾਂ, ਵਾਤਾਵਰਣ ਅਤੇ ਸੁਰੱਖਿਆ ਵਿੱਚ ਅਸਫਲਤਾਵਾਂ ਨੂੰ ਦਰਸਾਉਂਦਾ ਹੈ, ਇੱਕ ਰਿਪੋਰਟ ਵਿੱਚ ਵਿਸਥਾਰ ਵਿੱਚ ਦੱਸਿਆ ਗਿਆ ਹੈ।"ਅੰਤਰਰਾਸ਼ਟਰੀ ਰਹਿਣਯੋਗਤਾ ਦਰਜਾਬੰਦੀ ਨੇ ਕਰਾਚੀ ਦੇ ਨਾਕਾਫ਼ੀ ਨਾਗਰਿਕ ਸਹੂਲਤਾਂ, ਕਮਜ਼ੋਰ ਸ਼ਹਿਰੀ ਯੋਜਨਾਬੰਦੀ ਅਤੇ ਜੀਵਨ ਦੀ ਡਿੱਗਦੀ ਗੁਣਵੱਤਾ ਨਾਲ ਸੰਘਰਸ਼ਾਂ ਨੂੰ ਵਾਰ-ਵਾਰ ਉਜਾਗਰ ਕੀਤਾ ਹੈ। ਇਹਨਾਂ ਦਰਜਾਬੰਦੀਆਂ ਦੇ ਪਿੱਛੇ ਲੱਖਾਂ ਨਿਵਾਸੀਆਂ ਦੁਆਰਾ ਦਰਪੇਸ਼ ਰੋਜ਼ਾਨਾ ਦੀਆਂ ਹਕੀਕਤਾਂ ਹਨ: ਅਵਿਸ਼ਵਾਸੀ ਪਾਣੀ ਦੀ ਸਪਲਾਈ, ਭੀੜ-ਭੜੱਕੇ ਵਾਲੀ ਆਵਾਜਾਈ, ਖਰਾਬ ਸੜਕਾਂ, ਕੂੜੇ ਦੇ ਢੇਰ ਅਤੇ ਨਿੱਜੀ ਸੁਰੱਖਿਆ ਬਾਰੇ ਵਧਦੀਆਂ ਚਿੰਤਾਵਾਂ," ਰਜ਼ਾਕ ਅਬਰੋ ਅਤੇ ਸਈਦ ਅਸ਼ਰਫ ਅਲੀ ਨੇ ਪਾਕਿਸਤਾਨ ਦੇ ਐਕਸਪ੍ਰੈਸ ਟ੍ਰਿਬਿਊਨ ਮੈਗਜ਼ੀਨ ਦੀ ਇੱਕ ਰਿਪੋਰਟ ਵਿੱਚ ਜ਼ਿਕਰ ਕੀਤਾ।ਕਰਾਚੀ ਦੇ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਇੱਕ ਅਸਫਲਤਾ ਕਾਰਨ ਨਹੀਂ ਹਨ ਬਲਕਿ ਸਾਲਾਂ ਦੀ ਦੇਰੀ ਨਾਲ ਫੈਸਲੇ ਲੈਣ, ਸਰਕਾਰੀ ਸੰਸਥਾਵਾਂ ਵਿਚਕਾਰ ਕਮਜ਼ੋਰ ਤਾਲਮੇਲ ਅਤੇ ਵਿਕਾਸ ਯੋਜਨਾਵਾਂ ਦੇ ਨਾਕਾਫ਼ੀ ਲਾਗੂ ਕਰਨ ਦਾ ਨਤੀਜਾ ਹਨ। ਕਰਾਚੀ ਦੀਆਂ ਚੁਣੌਤੀਆਂ ਦੇ ਹੱਲ ਵਜੋਂ ਅਧਿਕਾਰੀਆਂ ਦੁਆਰਾ ਐਲਾਨੇ ਗਏ ਕਈ ਪ੍ਰੋਜੈਕਟ ਅਕਸਰ ਸਾਲਾਂ ਤੋਂ ਅਧੂਰੇ ਹੀ ਰਹੇ ਹਨ, ਜਦੋਂ ਕਿ ਵਧਦੀ ਆਬਾਦੀ ਪਹਿਲਾਂ ਹੀ ਭਰੀਆਂ ਸੇਵਾਵਾਂ 'ਤੇ ਵਧੇਰੇ ਦਬਾਅ ਪਾਉਂਦੀ ਰਹਿੰਦੀ ਹੈ।ਕਰਾਚੀ ਦੇ ਵਸਨੀਕਾਂ ਦੇ ਅਨੁਸਾਰ, ਇਹ ਸਮੱਸਿਆਵਾਂ ਉਨ੍ਹਾਂ ਦੇ ਰੋਜ਼ਾਨਾ ਦੇ ਰੁਟੀਨ ਦਾ ਹਿੱਸਾ ਬਣ ਗਈਆਂ ਹਨ। ਕਰਾਚੀ ਦੇ ਬਹੁਤ ਸਾਰੇ ਵਸਨੀਕ ਹਰ ਮਹੀਨੇ ਹਜ਼ਾਰਾਂ ਰੁਪਏ ਪਾਣੀ ਖਰੀਦਣ ਲਈ ਖਰਚ ਕਰਦੇ ਹਨ ਜੋ ਉਨ੍ਹਾਂ ਨੂੰ ਜਨਤਕ ਨੈੱਟਵਰਕ ਰਾਹੀਂ ਮਿਲਣਾ ਚਾਹੀਦਾ ਸੀ, ਘੰਟਿਆਂ ਲਈ ਭੀੜ-ਭੜੱਕੇ ਵਾਲੇ ਜਨਤਕ ਆਵਾਜਾਈ ਵਿੱਚ ਯਾਤਰਾ ਕਰਦੇ ਹਨ ਜਾਂ ਸੜਕਾਂ 'ਤੇ ਅਧੂਰੇ ਕੰਮ ਕਾਰਨ ਟ੍ਰੈਫਿਕ ਜਾਮ ਵਿੱਚ ਫਸੇ ਰਹਿੰਦੇ ਹਨ ਅਤੇ ਗਲੀ ਅਪਰਾਧਾਂ ਦਾ ਸ਼ਿਕਾਰ ਹੋਣ ਦੀ ਚਿੰਤਾ ਵਧਦੀ ਜਾਂਦੀ ਹੈ।"ਮਿਲ ਕੇ, ਇਹ ਅਸਫਲਤਾਵਾਂ ਦਰਸਾਉਂਦੀਆਂ ਹਨ ਕਿ ਕਰਾਚੀ ਵਿਸ਼ਵਵਿਆਪੀ ਰਹਿਣਯੋਗਤਾ ਦਰਜਾਬੰਦੀ ਵਿੱਚ ਕਿਉਂ ਸੰਘਰਸ਼ ਕਰ ਰਿਹਾ ਹੈ। ਜਦੋਂ ਕਿ ਲਗਾਤਾਰ ਸੰਘੀ ਅਤੇ ਸਿੰਧ ਸਰਕਾਰਾਂ ਨੇ ਮਹੱਤਵਾਕਾਂਖੀ ਵਿਕਾਸ ਯੋਜਨਾਵਾਂ ਦਾ ਐਲਾਨ ਕੀਤਾ ਹੈ, ਬਹੁਤ ਸਾਰੇ ਪ੍ਰਮੁੱਖ ਪ੍ਰੋਜੈਕਟ ਫੰਡਿੰਗ ਦੀ ਘਾਟ, ਪ੍ਰਸ਼ਾਸਕੀ ਦੇਰੀ, ਇਕਰਾਰਨਾਮੇ ਦੇ ਵਿਵਾਦਾਂ ਅਤੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਕਾਰਨ ਕਈ ਸਾਲ ਪਿੱਛੇ ਰਹਿੰਦੇ ਹਨ। ਨਤੀਜੇ ਵਜੋਂ, ਲੱਖਾਂ ਵਸਨੀਕ ਬੁਨਿਆਦੀ ਢਾਂਚੇ ਦੇ ਨਤੀਜੇ ਭੁਗਤ ਰਹੇ ਹਨ ਜੋ ਸ਼ਹਿਰ ਦੇ ਤੇਜ਼ ਵਿਕਾਸ ਦੇ ਨਾਲ ਤਾਲਮੇਲ ਰੱਖਣ ਵਿੱਚ ਅਸਫਲ ਰਿਹਾ ਹੈ," ਐਕਸਪ੍ਰੈਸ ਟ੍ਰਿਬਿਊਨ ਮੈਗਜ਼ੀਨ ਦੇ ਲੇਖ ਵਿੱਚ ਕਿਹਾ ਗਿਆ ਹੈ।ਦ ਐਕਸਪ੍ਰੈਸ ਟ੍ਰਿਬਿਊਨ ਮੈਗਜ਼ੀਨ ਦੀ ਰਿਪੋਰਟ ਦੇ ਅਨੁਸਾਰ ਕਰਾਚੀ ਦੇ ਵਸਨੀਕਾਂ ਨੇ ਕਿਹਾ ਕਿ ਅੰਤਰਰਾਸ਼ਟਰੀ ਰਹਿਣਯੋਗਤਾ ਦਰਜਾਬੰਦੀ ਵਿੱਚ ਸ਼ਹਿਰ ਦੀ ਮਾੜੀ ਦਰਜਾਬੰਦੀ ਸਿਰਫ਼ ਇੱਕ ਅੰਕੜਾ ਨਹੀਂ ਹੈ, ਸਗੋਂ ਪਾਣੀ ਲੱਭਣ, ਖਰਾਬ ਸੜਕਾਂ 'ਤੇ ਯਾਤਰਾ ਕਰਨ, ਅਣਪ੍ਰਬੰਧਿਤ ਰਹਿੰਦ-ਖੂੰਹਦ ਦੇ ਵਿਚਕਾਰ ਰਹਿਣ ਅਤੇ ਨਿੱਜੀ ਸੁਰੱਖਿਆ ਲਈ ਡਰਨ ਵਿੱਚ ਉਨ੍ਹਾਂ ਦੇ ਰੋਜ਼ਾਨਾ ਸੰਘਰਸ਼ਾਂ ਨੂੰ ਦਰਸਾਉਂਦੀ ਹੈ।ਜੁਲਾਈ ਵਿੱਚ, ਕਰਾਚੀ ਨੂੰ ਇਕਨਾਮਿਸਟ ਇੰਟੈਲੀਜੈਂਸ ਯੂਨਿਟ ਦੇ ਸਾਲਾਨਾ ਗਲੋਬਲ ਰਹਿਣਯੋਗਤਾ ਸੂਚਕਾਂਕ 2026 ਵਿੱਚ ਦੁਨੀਆ ਦੇ ਚੌਥੇ ਸਭ ਤੋਂ ਘੱਟ ਰਹਿਣਯੋਗ ਸ਼ਹਿਰ ਵਜੋਂ ਦਰਜਾ ਦਿੱਤਾ ਗਿਆ ਸੀ, ਇਸਨੂੰ 173 ਸ਼ਹਿਰਾਂ ਵਿੱਚੋਂ 170ਵਾਂ ਸਥਾਨ ਦਿੱਤਾ ਗਿਆ ਸੀ।ਪਾਕਿਸਤਾਨ-ਅਧਾਰਤ ਰੋਜ਼ਾਨਾ ਡਾਨ ਦੀ ਰਿਪੋਰਟ ਅਨੁਸਾਰ, ਕਰਾਚੀ ਤੋਂ ਹੇਠਾਂ ਦਰਜਾ ਪ੍ਰਾਪਤ ਸਿਰਫ਼ ਢਾਕਾ, ਦਮਿਸ਼ਕ ਅਤੇ ਤ੍ਰਿਪੋਲੀ ਹੀ ਹਨ। ਉ ਦੀ ਦਰਜਾਬੰਦੀ ਸ਼ਹਿਰੀ ਰਹਿਣਯੋਗਤਾ ਅਤੇ ਲਚਕੀਲੇਪਣ ਲਈ ਇੱਕ ਵਿਸ਼ਵ ਪੱਧਰ 'ਤੇ ਮਾਨਤਾ ਪ੍ਰਾਪਤ ਮਾਪਦੰਡ ਪ੍ਰਦਾਨ ਕਰਦੀ ਹੈ ਅਤੇ ਸਿਹਤ ਸੰਭਾਲ, ਸਥਿਰਤਾ, ਸੱਭਿਆਚਾਰ ਅਤੇ ਵਾਤਾਵਰਣ, ਸਿੱਖਿਆ ਅਤੇ ਬੁਨਿਆਦੀ ਢਾਂਚੇ ਵਰਗੇ ਸੂਚਕਾਂ ਦਾ ਮੁਲਾਂਕਣ ਕਰਦੀ ਹੈ। ਇਹ ਕਿਸੇ ਵੀ ਜਗ੍ਹਾ 'ਤੇ ਕਿਸੇ ਵਿਅਕਤੀ ਦੀ ਜੀਵਨ ਸ਼ੈਲੀ ਨੂੰ ਪੇਸ਼ ਕੀਤੀਆਂ ਗਈਆਂ ਚੁਣੌਤੀਆਂ ਦਾ ਮੁਲਾਂਕਣ ਕਰਦੀ ਹੈ।ਕਰਾਚੀ ਨੂੰ 100 ਵਿੱਚੋਂ 43 ਦੀ ਸਮੁੱਚੀ ਦਰਜਾਬੰਦੀ ਮਿਲੀ, ਅਤੇ ਇਸਨੇ ਸਥਿਰਤਾ ਵਿੱਚ 20, ਸਿਹਤ ਸੰਭਾਲ ਵਿੱਚ 54, ਸੱਭਿਆਚਾਰ ਅਤੇ ਵਾਤਾਵਰਣ ਵਿੱਚ 36, ਸਿੱਖਿਆ ਵਿੱਚ 75 ਅਤੇ ਬੁਨਿਆਦੀ ਢਾਂਚੇ ਵਿੱਚ 52 ਅੰਕ ਪ੍ਰਾਪਤ ਕੀਤੇ।



# ਥਾਈਲੈਂਡ ਦੀ ਕੈਬਨਿਟ ਨੇ ਗੋਲੀਬਾਰੀ ਦੀ ਘਟਨਾ ਤੋਂ ਬਾਅਦ ਸਕੂਲ ਸੁਰੱਖਿਆ ਨੂੰ ਦਿੱਤੀ ਤਰਜੀਹ

ਬੈਂਕਾਕ
ਸਾਂਝੀ ਸੋਚ ਬਿਊਰੋ

ਥਾਈਲੈਂਡ ਦੀ ਕੈਬਨਿਟ ਨੇ ਮੰਗਲਵਾਰ ਨੂੰ ਸਿੱਖਿਆ ਮੰਤਰਾਲੇ ਦੇ ਇੱਕ ਪ੍ਰਸਤਾਵ ਨੂੰ ਮਨਜ਼ੂਰੀ ਦੇ ਦਿੱਤੀ ਜਿਸ ਵਿੱਚ ਸਕੂਲ ਸੁਰੱਖਿਆ ਨੂੰ ਰਾਸ਼ਟਰੀ ਏਜੰਡੇ ਵਿੱਚ ਸ਼ਾਮਲ ਕੀਤਾ ਗਿਆ ਹੈ, ਪਿਛਲੇ ਹਫ਼ਤੇ ਬੈਂਕਾਕ ਦੇ ਬਾਹਰ ਇੱਕ ਸੈਕੰਡਰੀ ਸਕੂਲ ਵਿੱਚ ਸਮੂਹਿਕ ਗੋਲੀਬਾਰੀ ਤੋਂ ਬਾਅਦ, ਜਿਸ ਵਿੱਚ ਨੌਂ ਲੋਕਾਂ ਦੀ ਮੌਤ ਹੋ ਗਈ ਸੀ।ਇਸ ਕਦਮ ਦਾ ਉਦੇਸ਼ ਦੇਸ਼ ਭਰ ਵਿੱਚ ਬੱਚਿਆਂ, ਅਧਿਆਪਕਾਂ ਅਤੇ ਸਿੱਖਿਆ ਕਰਮਚਾਰੀਆਂ ਦੀ ਸੁਰੱਖਿਆ, ਸਿੱਖਿਆ ਸੰਸਥਾਵਾਂ ਵਿੱਚ ਰੋਕਥਾਮ ਅਤੇ ਪ੍ਰਤੀਕਿਰਿਆ ਨੂੰ ਯੋਜਨਾਬੱਧ ਢੰਗ ਨਾਲ ਮਜ਼ਬੂਤ ਕਰਨਾ ਹੈ, ਇਹ ਜਾਣਕਾਰੀ ਉਪ-ਸਰਕਾਰੀ ਬੁਲਾਰੇ ਪਟਦਾਰਸਮ ਥੋਂਗਸਾਲੁਏਕੋਰਨ ਨੇ ਦਿੱਤੀ।ਇੱਕ ਨਿਊਜ਼ ਏਜੰਸੀ ਦੀ ਰਿਪੋਰਟ ਅਨੁਸਾਰ ਤੁਰੰਤ ਪ੍ਰਭਾਵੀ ਮੰਤਰਾਲੇ ਦੇ ਐਲਾਨ ਦੇ ਤਹਿਤ, ਪਟਦਾਰਸਮ ਨੇ ਕਿਹਾ ਕਿ ਸਾਰੇ ਸਕੂਲਾਂ ਨੂੰ "ਸਕੂਲ ਸੁਰੱਖਿਆ ਜ਼ੋਨ" ਨਾਮਜ਼ਦ ਕੀਤਾ ਗਿਆ ਹੈ ਅਤੇ ਉਨ੍ਹਾਂ ਨੂੰ ਆਪਣੇ ਅਹਾਤੇ ਵਿੱਚ ਅਧਿਕਾਰਾਂ, ਆਜ਼ਾਦੀਆਂ ਅਤੇ ਸੁਰੱਖਿਆ ਦੀ ਸੁਰੱਖਿਆ ਲਈ ਕੇਂਦਰ ਸਥਾਪਤ ਕਰਨੇ ਚਾਹੀਦੇ ਹਨ, ਐਮਰਜੈਂਸੀ ਪ੍ਰਤੀਕਿਰਿਆ ਯੋਜਨਾਵਾਂ ਬਣਾਉਣੀਆਂ ਅਤੇ ਅਭਿਆਸ ਕਰਨਾ ਚਾਹੀਦਾ ਹੈ, ਅਤੇ ਪੁਲਿਸ ਅਤੇ ਹੋਰ ਏਜੰਸੀਆਂ ਨਾਲ ਤਾਲਮੇਲ ਕਰਨਾ ਚਾਹੀਦਾ ਹੈ।ਇੱਕ ਬਿਆਨ ਵਿੱਚ, ਉਸਨੇ ਕਿਹਾ ਕਿ ਪਹੁੰਚ ਦਾ ਮੁੱਖ ਉਦੇਸ਼ ਵਿਦਿਆਰਥੀਆਂ, ਅਧਿਆਪਕਾਂ ਅਤੇ ਸਟਾਫ ਦੀ ਸਰੀਰਕ ਅਤੇ ਮਨੋਵਿਗਿਆਨਕ ਭਲਾਈ ਨੂੰ ਕਵਰ ਕਰਨ ਵਾਲੀਆਂ ਮਾਨਸਿਕ ਸਿਹਤ ਸਹਾਇਤਾ ਪ੍ਰਣਾਲੀਆਂ ਦੇ ਨਾਲ-ਨਾਲ, ਦਾਖਲੇ ਤੋਂ ਪਹਿਲਾਂ ਹਥਿਆਰਾਂ, ਗੈਰ-ਕਾਨੂੰਨੀ ਵਸਤੂਆਂ ਅਤੇ ਖਤਰਨਾਕ ਵਸਤੂਆਂ ਦੀ ਸਖ਼ਤ ਖੋਜ ਅਤੇ ਜਾਂਚ ਦੁਆਰਾ ਘਟਨਾ ਵਾਪਰਨ ਤੋਂ ਪਹਿਲਾਂ ਜੋਖਮ ਨੂੰ ਰੋਕਣਾ ਹੈ।ਉਨ੍ਹਾਂ ਅੱਗੇ ਕਿਹਾ ਕਿ ਮੰਤਰਾਲਾ ਪ੍ਰਭਾਵਿਤ ਲੋਕਾਂ ਦੀ ਦੇਖਭਾਲ ਲਈ ਚੁਲਾਲੋਂਗਕੋਰਨ ਯੂਨੀਵਰਸਿਟੀ ਦੇ ਮਨੋਵਿਗਿਆਨੀਆਂ ਅਤੇ ਮਾਨਸਿਕ ਸਿਹਤ ਵਿਭਾਗ ਦੀਆਂ ਸੰਕਟ ਟੀਮਾਂ ਨਾਲ ਕੰਮ ਕਰ ਰਿਹਾ ਹੈ ਅਤੇ ਮਨੋਵਿਗਿਆਨਕ ਰਿਕਵਰੀ ਲਈ "ਸੁਰੱਖਿਅਤ ਕਮਰੇ" ਤਿਆਰ ਕਰ ਰਿਹਾ ਹੈ।ਲੰਬੇ ਸਮੇਂ ਲਈ, ਬੁਲਾਰੇ ਨੇ ਨੋਟ ਕੀਤਾ ਕਿ ਮੰਤਰਾਲਾ ਸਕੂਲ ਸੁਰੱਖਿਆ 'ਤੇ ਢਾਂਚਾ ਕਾਨੂੰਨ ਤਿਆਰ ਕਰ ਰਿਹਾ ਹੈ ਅਤੇ ਪ੍ਰਭਾਵਿਤ ਲੋਕਾਂ ਦੀ ਮਾਨਸਿਕ ਸਥਿਤੀ ਦੀ ਨਿਗਰਾਨੀ ਕਰੇਗਾ, ਇੱਕ, ਤਿੰਨ ਅਤੇ ਛੇ ਮਹੀਨਿਆਂ ਵਿੱਚ ਪੋਸਟ-ਟਰਮੈਟਿਕ ਤਣਾਅ ਵਿਕਾਰ ਲਈ ਸਕ੍ਰੀਨਿੰਗ ਕਰੇਗਾ।7 ਅਗਸਤ ਨੂੰ, ਥਾਈਲੈਂਡ ਦੇ ਪ੍ਰਧਾਨ ਮੰਤਰੀ ਅਨੁਤਿਨ ਚਾਰਨਵੀਰਕੁਲ ਨੇ ਕਿਹਾ ਕਿ ਬੰਦੂਕਧਾਰੀ ਅਤੇ ਉਸਦੇ ਦਾਦਾ-ਦਾਦੀ ਸਮੇਤ ਅੱਠ ਲੋਕਾਂ ਦੀ ਮੌਤ ਦੀ ਪੁਸ਼ਟੀ ਕੀਤੀ ਗਈ ਹੈ, ਅਤੇ 30 ਤੋਂ ਵੱਧ ਲੋਕ ਜ਼ਖਮੀ ਹੋਏ ਹਨ, ਜਿਨ੍ਹਾਂ ਵਿੱਚੋਂ ਨੌਂ ਦੀ ਹਾਲਤ ਗੰਭੀਰ ਹੈ, ਕਿਉਂਕਿ ਇੱਕ ਬੰਦੂਕਧਾਰੀ ਨੇ ਦਿਨ ਪਹਿਲਾਂ ਨੋਂਥਾਬੁਰੀ ਸੂਬੇ ਦੇ ਇੱਕ ਸਕੂਲ ਅਤੇ ਘਰ ਵਿੱਚ ਗੋਲੀਬਾਰੀ ਕੀਤੀ ਸੀ। ਬੈਂਕਾਕ ਦੇ ਉੱਤਰ-ਪੱਛਮੀ ਬਾਹਰੀ ਇਲਾਕੇ ਵਿੱਚ ਨੋਂਥਾਬੁਰੀ ਸੂਬੇ ਦੇ ਬਾਂਗ ਕ੍ਰਾਈ ਜ਼ਿਲ੍ਹੇ ਦੇ ਡੇਬਸੀਰਿਨ ਨੋਂਥਾਬੁਰੀ ਸਕੂਲ ਵਿੱਚ ਇੱਕ ਬੰਦੂਕਧਾਰੀ ਵੱਲੋਂ ਗੋਲੀਬਾਰੀ ਕਰਨ ਤੋਂ ਬਾਅਦ ਸਥਾਨਕ ਪੁਲਿਸ ਨੂੰ ਸਵੇਰੇ 10 ਵਜੇ (ਸਥਾਨਕ ਸਮੇਂ) ਦੇ ਕਰੀਬ ਸੂਚਿਤ ਕੀਤਾ ਗਿਆ।ਮੌਕੇ 'ਤੇ ਮੌਜੂਦ ਇੱਕ ਗਵਾਹ ਨੇ ਕਿਹਾ ਕਿ ਬੰਦੂਕਧਾਰੀ ਨੇ ਜਾਮਨੀ ਰੰਗ ਦਾ ਟਰੈਕਸੂਟ ਪਾਇਆ ਹੋਇਆ ਸੀ ਅਤੇ ਸਕੂਲ ਵਿੱਚ ਦਰਜਨਾਂ ਗੋਲੀਆਂ ਚਲਾਈਆਂ ਸਨ। ਮੀਡੀਆ ਦੁਆਰਾ ਜਾਰੀ ਕੀਤੀ ਗਈ ਵੀਡੀਓ ਫੁਟੇਜ ਵਿੱਚ ਪੂਰੇ ਕੈਂਪਸ ਵਿੱਚ ਲਗਾਤਾਰ ਗੋਲੀਆਂ ਚੱਲਣ ਦੀਆਂ ਆਵਾਜ਼ਾਂ ਸੁਣਾਈ ਦੇ ਰਹੀਆਂ ਹਨ।ਇਹ ਰਿਪੋਰਟ ਕੀਤੀ ਗਈ ਹੈ ਕਿ ਕਥਿਤ ਹਮਲਾਵਰ, ਜਿਸਦੀ ਪਛਾਣ 14 ਸਾਲਾ ਵਿਦਿਆਰਥੀ ਵਜੋਂ ਹੋਈ ਹੈ, ਆਪਣੇ ਦਾਦਾ-ਦਾਦੀ ਨਾਲ ਰਹਿ ਰਿਹਾ ਸੀ। ਥਾਈ ਪੁਲਿਸ ਨੇ ਉਸਦੇ ਦਾਦਾ-ਦਾਦੀ ਦੀਆਂ ਲਾਸ਼ਾਂ ਉਨ੍ਹਾਂ ਦੇ ਘਰੋਂ ਲੱਭੀਆਂ, ਜਾਂਚਕਰਤਾਵਾਂ ਦਾ ਮੰਨਣਾ ਹੈ ਕਿ ਉਨ੍ਹਾਂ ਨੂੰ ਸਕੂਲ 'ਤੇ ਹਮਲੇ ਤੋਂ ਪਹਿਲਾਂ ਗੋਲੀ ਮਾਰ ਦਿੱਤੀ ਗਈ ਸੀ।ਅਧਿਕਾਰੀਆਂ ਨੇ ਕਿਹਾ ਕਿ ਘਟਨਾ ਸਥਾਨ 'ਤੇ ਇੱਕ ਪਿਸਤੌਲ ਬਰਾਮਦ ਕੀਤੀ ਗਈ ਸੀ, ਅਤੇ ਸ਼ੁਰੂਆਤੀ ਜਾਣਕਾਰੀ ਤੋਂ ਪਤਾ ਚੱਲਿਆ ਹੈ ਕਿ ਇਹ ਕਥਿਤ ਨਿਸ਼ਾਨੇਬਾਜ਼ ਦੇ ਦਾਦਾ ਜੀ ਦੀ ਸੀ। ਸ਼ੱਕੀ ਨਿਸ਼ਾਨੇਬਾਜ਼ ਦੇ ਬੈਗ ਵਿੱਚੋਂ ਵੱਡੀ ਮਾਤਰਾ ਵਿੱਚ ਗੋਲਾ-ਬਾਰੂਦ ਵੀ ਮਿਲਿਆ ਹੈ।ਥਾਈ ਮੀਡੀਆ ਰਿਪੋਰਟਾਂ ਦੇ ਅਨੁਸਾਰ, ਸਕੂਲ ਗੋਲੀਬਾਰੀ ਮਾਮਲੇ ਦੀ ਜਾਂਚ ਦੌਰਾਨ, ਥਾਈ ਪੁਲਿਸ ਨੂੰ ਸ਼ੱਕੀ ਨਿਸ਼ਾਨੇਬਾਜ਼ ਦੇ ਕੰਪਿਊਟਰ 'ਤੇ ਪਾਇਆ ਗਿਆ ਕਿ ਉਸਨੇ ਇੱਕ ਅਮਰੀਕੀ ਸਕੂਲ ਗੋਲੀਬਾਰੀ ਮਾਮਲੇ ਦੀ ਖੋਜ ਕੀਤੀ ਸੀ ਅਤੇ ਉਸਦਾ ਅਧਿਐਨ ਕੀਤਾ ਸੀ। ਅਨੁਤਿਨ ਨੇ ਮੌਕੇ 'ਤੇ ਮੀਡੀਆ ਨੂੰ ਦੱਸਿਆ ਕਿ ਹਮਲੇ ਦਾ ਕਾਰਨ ਬਹੁਤ ਜ਼ਿਆਦਾ ਅਕਾਦਮਿਕ ਦਬਾਅ ਹੋ ਸਕਦਾ ਹੈ ਕਿਉਂਕਿ ਕਥਿਤ ਵਿਦਿਆਰਥੀ ਨਿਸ਼ਾਨੇਬਾਜ਼ ਦੇ ਦਾਦਾ-ਦਾਦੀ ਆਪਣੀ ਪੜ੍ਹਾਈ ਪ੍ਰਤੀ ਬਹੁਤ ਸਖ਼ਤ ਸਨ।ਬੰਦੂਕਧਾਰੀ ਦੇ ਇੱਕ ਦੋਸਤ ਨੇ ਵੀ ਪੁਸ਼ਟੀ ਕੀਤੀ ਕਿ ਉਹ ਹਾਲ ਹੀ ਵਿੱਚ ਬਹੁਤ ਦਬਾਅ ਹੇਠ ਸੀ ਅਤੇ ਗੋਲੀਬਾਰੀ ਤੋਂ ਪਹਿਲਾਂ ਪੂਰੀ ਤਿਆਰੀ ਕੀਤੀ ਸੀ, ਅਤੇ ਉਸਨੇ ਸੋਸ਼ਲ ਮੀਡੀਆ 'ਤੇ ਵਰਤੀ ਗਈ ਬੰਦੂਕ ਦੀਆਂ ਫੋਟੋਆਂ ਵੀ ਪੋਸਟ ਕੀਤੀਆਂ ਸਨ।ਅਨੁਤਿਨ ਨੇ ਇਹ ਵੀ ਕਿਹਾ ਕਿ ਅਜਿਹੀ ਘਟਨਾ ਦੁਬਾਰਾ ਨਹੀਂ ਵਾਪਰਨ ਦਿੱਤੀ ਜਾਣੀ ਚਾਹੀਦੀ, ਇਹ ਨੋਟ ਕਰਦੇ ਹੋਏ ਕਿ ਸਰਕਾਰ ਬੰਦੂਕ ਨਿਯੰਤਰਣ ਦੇ ਸਖ਼ਤ ਉਪਾਵਾਂ ਨੂੰ ਉਤਸ਼ਾਹਿਤ ਕਰੇਗੀ, ਅਤੇ ਸਬੰਧਤ ਵਿਭਾਗਾਂ ਨੂੰ ਬੰਦੂਕ ਮਾਲਕੀ ਦੀਆਂ ਸਥਿਤੀਆਂ ਦੀ ਨਿਗਰਾਨੀ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਕਿਸੇ ਨੂੰ ਵੀ ਜਨਤਕ ਥਾਵਾਂ 'ਤੇ ਬੰਦੂਕਾਂ ਲੈ ਕੇ ਜਾਣ ਦੀ ਇਜਾਜ਼ਤ ਨਹੀਂ ਹੈ ਜਦੋਂ ਤੱਕ ਕਿ ਉਹ ਸਰਕਾਰੀ ਡਿਊਟੀਆਂ ਨਾ ਨਿਭਾ ਰਹੇ ਹੋਣ।



ਰੱਬਾ ਇੰਨ੍ਹੇ ਜੋਗਾ ਕਰਦੇ ਕਿ ਲੋਕ ਕਹਿਣ ਇੰਨ੍ਹੇ ਜੋਗਾ ਕਿੱਥੇ ਸੀ...

# JK TYRE INC

JK TYRE
TOTAL CONTROL

**KTD10-LEAO**
Radial Truck Tire (Long Haul)



295/75R22.5
$2600

With Installation
Singh: 510-766-9382

**JK JETSTEEL JDH**

SPECIAL OFFER !!



DRIVE TIRE
11R22.5-

With Installation
Singh: 510-766-9382

**Firestone FS591**

SPECIAL OFFER !!

STEER TIRE
295/75R22.5

With Installation
Singh: 510-766-9382



11R22.5

With Installation
Singh: 510-766-9382

Sizes available in drive & trailer
295/75/22.5
11r/22.5
11r/24.5
255/70/22.5
315/80/22.5
425/65/22.5

**JETWAY JTH 1**

SPECIAL OFFER !!



TRAILER TIRE
11R22.5-
11R24.5-

With Installation
Singh: 510-766-9382

**JETWAY JTH SD**

SPECIAL OFFER !!



TRAILER TIRE
295/75R22.5-

With Installation
Singh: 510-766-9382

**JK JETSTEEL JDL2**

SPECIAL OFFER !!



DRIVE TIRE
11R22.5-
11R24.5-
295/75R22.5-

With Installation
Singh: 510-766-9382



FALKEN TIRES · GOODYEAR · KELLY TIRES · BARKLEY · PIRELLI · MICHELIN · BRIDGESTONE · Firestone · YOKOHAMA · PEARLY · NAMA · TOYO TIRES driven to perform · Continental · DUNLOP TIRES

## S. Singh Cell: (510) 766-9382

2955 N. Wilson Way Stockton , CA 95205


Truck Parking Yard
ਟਰੱਕ PARK ਕਰਨ ਲਈ ਇੱਕ ਸੁਰੱਖਿਅਤ ਅਤੇ ਵਿਸ਼ਵਾਸਯੋਗ ਥਾਂ
• ਸਾਡੇ YARD ਨੂੰ LOCK ਵਾਲਾ GATE ਲੱਗਿਆ ਹੋਇਆ ਹੈ
• ਇੱਥੇ 24 ਘੰਟੇ ਸੁਰੱਖਿਆ GUARD ਦੀ ਡਿਊਟੀ ਰਹਿੰਦੀ ਹੈ
• ਸਾਰੇ ਇਲਾਕੇ ਦੀ ਨਿਗਰਾਨੀ ਕੈਮਰਿਆਂ ਰਾਹੀਂ ਹਰ ਵੇਲੇ ਕੀਤੀ ਜਾਂਦੀ ਹੈ
Truck Parking - Only $200 Monthly
Bobtail Parking - Only $100 Monthly
ਸਾਡੇ TRUCK YARD ਦੇ ਅੰਦਰ ਹੀ
ਟਰੱਕ Repair Shop ਅਤੇ TYRE SHOP ਵੀ
ਉਪਲਬਧ ਹੈ।
ਹੋਰ ਜਾਣਕਾਰੀ ਜਾਂ ਬੁਕਿੰਗ ਲਈ ਸੰਪਰਕ ਕਰੋ
Harbans Gill (209) 972-0013
1651 EAST Whitmore Ave, Ceres, CA 95307

WE HAVE THE CHEAPEST FARES TO INDIA

# LEGEND TRAVEL



JATINDER SINGH

arc accredited agency

CST # 207524-40

Special Fares To India From West-coast (us) On Air India Direct Flights




## LOWEST AIRFARES FROM USA TO INDIA

★Travel Insurance ★ Great last Minute Deals ★ Offices in India

ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।

CALL US

# (510) 797-9010

USA OFFICE: 2450 PERALTA BLVD., STE 106-108,
FREMONT CA 94536 PH.: 510-797-9010

Website: www.legendamerica.net

Emirates | CATHAY PACIFIC | ASIANA AIRLINES | JET AIRWAYS | CHINA AIRLINES | BRITISH AIRWAYS | SINGAPORE AIRLINES | Lufthansa | ANA

# ਦਵਿੰਦਰ ਸਿੰਘ ਗਿੱਲ ਅਮਰੀਕਾ ਦੇ 250ਵੇਂ ਲੈਗੇਸੀ ਐਵਾਰਡ ਨਾਲ ਸਨਮਾਨਿਤ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਉੱਘੇ ਕਾਰੋਬਾਰੀ ਅਤੇ ਸਿੱਖਸ ਆਫ ਯੂ.ਐੱਸ.ਏ. ਦੇ ਡਾਇਰੈਕਟਰ ਦਵਿੰਦਰ ਸਿੰਘ ਗਿੱਲ ਨੂੰ ਉਨ੍ਹਾਂ ਦੀਆਂ ਸ਼ਾਨਦਾਰ ਵਪਾਰਕ ਪ੍ਰਾਪਤੀਆਂ, ਸਮਾਜ ਸੇਵਾ ਅਤੇ ਸਿੱਖ ਭਾਈਚਾਰੇ ਪ੍ਰਤੀ ਸਮਰਪਣ ਲਈ ਅਮਰੀਕਾ ਦੇ ਵੱਕਾਰੀ 250ਵੇਂ ਲੈਗੇਸੀ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਹ ਐਵਾਰਡ ਯੂਨੀਵਰਸਲ ਪੀਸ ਫੈਡਰੇਸ਼ਨ ਯੂ.ਐੱਸ.ਏ. ਦੀ ਵਾਈਸ ਪ੍ਰੈਜ਼ੀਡੈਂਟ ਸ਼੍ਰੀਮਤੀ ਟੋਮੀਕੋ ਡੱਗਨ ਅਤੇ ਇੰਟਰਨੈਸ਼ਨਲ ਫੋਰਮ ਯੂ.ਐੱਸ.ਏ. ਦੇ ਚੇਅਰਮੈਨ ਡਾ. ਸੁਰਿੰਦਰ ਸਿੰਘ ਗਿੱਲ ਵੱਲੋਂ ਪ੍ਰਦਾਨ ਕੀਤਾ ਗਿਆ। ਸਮਾਗਮ ਵਿੱਚ ਵੱਖ-ਵੱਖ ਖੇਤਰਾਂ ਨਾਲ ਸਬੰਧਤ ਪ੍ਰਮੁੱਖ ਸ਼ਖ਼ਸੀਅਤਾਂ ਅਤੇ ਭਾਈਚਾਰਕ ਆਗੂਆਂ ਨੇ ਸ਼ਮੂਲੀਅਤ ਕੀਤੀ। ਦਵਿੰਦਰ ਸਿੰਘ ਗਿੱਲ ਨੇ ਆਪਣੀ ਦੂਰਅੰਦੇਸ਼ੀ, ਸਖ਼ਤ ਮਿਹਨਤ ਅਤੇ ਕਾਰੋਬਾਰੀ ਸਫਲਤਾ ਸਦਕਾ ਵਪਾਰਕ ਅਤੇ ਸਮਾਜਿਕ ਖੇਤਰ ਵਿੱਚ ਵਿਸ਼ੇਸ਼ ਪਛਾਣ ਬਣਾਈ ਹੈ। ਆਪਣੀਆਂ ਪੇਸ਼ੇਵਰ ਪ੍ਰਾਪਤੀਆਂ ਦੇ ਨਾਲ-ਨਾਲ ਉਹ ਸਿੱਖ ਭਾਈਚਾਰੇ ਦੀ ਭਲਾਈ ਅਤੇ ਤਰੱਕੀ ਲਈ ਵੀ ਲਗਾਤਾਰ ਯਤਨਸ਼ੀਲ ਹਨ। ਉਹ ਸਿੱਖ ਕਦਰਾਂ-ਕੀਮਤਾਂ ਦੇ ਪ੍ਰਚਾਰ, ਸਮਾਜਿਕ ਪਹਿਲਕਦਮੀਆਂ ਦੇ ਸਮਰਥਨ, ਆਪਸੀ ਏਕਤਾ ਅਤੇ ਨਿਸ਼ਕਾਮ ਸੇਵਾ ਦੀ ਭਾਵਨਾ ਨੂੰ ਉਤਸ਼ਾਹਿਤ ਕਰਨ ਵਿੱਚ ਅਹਿਮ ਯੋਗਦਾਨ ਪਾ ਰਹੇ ਹਨ। ਉਨ੍ਹਾਂ ਦੀ ਅਗਵਾਈ, ਉਦਾਰਤਾ ਅਤੇ ਮਾਨਵਤਾਵਾਦੀ ਕਾਰਜਾਂ ਪ੍ਰਤੀ ਵਚਨਬੱਧਤਾ ਦੂਜਿਆਂ ਲਈ ਪ੍ਰੇਰਨਾ ਸਰੋਤ ਬਣੀ ਹੋਈ ਹੈ। ਐਵਾਰਡ ਪ੍ਰਦਾਨ ਕਰਦਿਆਂ ਟੋਮੀਕੋ ਡੱਗਨ ਅਤੇ ਡਾ. ਸੁਰਿੰਦਰ ਸਿੰਘ ਗਿੱਲ ਨੇ ਦਵਿੰਦਰ ਸਿੰਘ ਗਿੱਲ ਦੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਗਿੱਲ ਇੱਕ ਪ੍ਰੇਰਣਾਦਾਇਕ ਭਾਈਚਾਰਕ ਆਗੂ ਹਨ, ਜਿਨ੍ਹਾਂ ਦੀਆਂ ਸੇਵਾਵਾਂ ਨਾ ਸਿਰਫ਼ ਸਿੱਖ ਭਾਈਚਾਰੇ, ਸਗੋਂ ਸਮੁੱਚੇ ਅਮਰੀਕੀ ਸਮਾਜ ਲਈ ਵੀ ਮਹੱਤਵਪੂਰਨ ਹਨ। ਦਵਿੰਦਰ ਸਿੰਘ ਗਿੱਲ ਨੇ ਸਨਮਾਨ ਲਈ ਪ੍ਰਬੰਧਕਾਂ ਅਤੇ ਐਵਾਰਡ ਪੇਸ਼ ਕਰਨ ਵਾਲੀਆਂ ਸ਼ਖ਼ਸੀਅਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਮਾਣ ਉਨ੍ਹਾਂ ਨੂੰ ਸਿੱਖ ਭਾਈਚਾਰੇ ਅਤੇ ਮਨੁੱਖਤਾ ਦੀ ਹੋਰ ਵੱਧ ਸਮਰਪਣ ਨਾਲ ਸੇਵਾ ਕਰਨ ਲਈ ਪ੍ਰੇਰਿਤ ਕਰੇਗਾ। ਵੱਖ-ਵੱਖ ਸੰਸਥਾਵਾਂ, ਆਗੂਆਂ ਅਤੇ ਸ਼ੁਭਚਿੰਤਕਾਂ ਨੇ ਉਨ੍ਹਾਂ ਨੂੰ ਇਸ ਵੱਕਾਰੀ ਪ੍ਰਾਪਤੀ ਲਈ ਵਧਾਈ ਦਿੱਤੀ।



## ਪੰਜਾਬੀ ਲੇਖਕਾਂ ਨੇ ਕਥਾਕਾਰ ਦੀਪ ਦੇਵਿੰਦਰ ਸਿੰਘ ਦੀ ਸਿਹਤਯਾਬੀ ਲਈ ਕਾਮਨਾ ਕੀਤੀ

ਅੰਮ੍ਰਿਤਸਰ
ਸਾਂਝੀ ਸੋਚ ਬਿਊਰੋ

ਪੰਜਾਬੀ ਸਾਹਿਤਕਾਰਾਂ, ਲੇਖਕਾਂ ਅਤੇ ਬੁੱਧੀਜੀਵੀਆਂ ਨੇ ਕੇਂਦਰੀ ਪੰਜਾਬੀ ਲੇਖਕ ਦੇ ਦਫਤਰ ਸੱਕਤਰ ਅਤੇ ਨਾਮਵਰ ਕਹਾਣੀਕਾਰ ਦੀਪ ਦੇਵਿੰਦਰ ਸਿੰਘ ਜਿਹੜੇ ਪਿਛਲੇ ਦਿੰਨੀ ਇਕ ਹਾਦਸੇ ਵਿਚ ਜਖਮੀ ਹੋ ਗਏ ਸਨ ਦੀ ਸਿਹਤਯਾਬੀ ਲਈ ਕਾਮਨਾ ਕੀਤੀ। ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਬ ਦੇ ਸੰਚਾਲਕ ਅਤੇ ਕੇਂਦਰੀ ਸਭਾ ਦੇ ਮੀਤ ਪ੍ਰਧਾਨ ਸ਼ੇਲਿੰਦਰਜੀਤ ਸਿੰਘ ਰਾਜਨ ਹੁਰਾਂ ਦੀ ਅਗਵਾਈ ਵਿਚ ਮਨਜੀਤ ਸਿੰਘ ਵੱਸੀ, ਸੁਖਵੰਤ ਕੌਰ ਆਤੇ ਨਾਮਵਰ ਗੀਤਕਾਰ ਮੱਖਣ ਭੈਣੀਵਾਲ ਨੇ ਮਿਲ ਕੇ ਉਹਨਾਂ ਦੀ ਸਿਹਤ ਦਾ ਹਾਲ ਜਾਣਿਆ। ਗੌਰਤਲਬ ਹੈ ਕਿ ਦੀਪ ਦੇਵਿੰਦਰ ਸਿੰਘ ਆਪਣੇ ਕੰਮਕਾਰ ਦੇ ਸਿਲਸਿਲੇ ਤਹਿਤ ਸੁਲਤਾਨਵਿੰਡ ਤੋਂ ਦਬੁਰਜ਼ੀ ਲਿੰਕ ਰੋਡ ਤੇ ਜਾ ਰਹੇ ਸਨ। ਅਚਨਚੇਤ ਸਕੂਲੀ ਬੱਚੇ ਸੜਕ ਦੇ ਵਿਚਕਾਰ ਆਉਣ ਕਰਕੇ ਉਹ ਬੱਚਿਆਂ ਦਾ ਬਚਾਅ ਕਰਦੇ ਅਕਟੀਆ ਸਮੇਤ ਸੜਕ ਤੇ ਡਿਗ ਪਏ ਜਿਸ ਨਾਲ ਉਹਨਾਂ ਦੇ ਸੱਜੇ ਮੋਢੇ ਦੀ ਹੱਡੀ ਕਰੈਕ ਹੋ ਗਈ। ਇਲਾਜ ਕਰਦੇ ਡਾਕਟਰਾਂ ਨੇ ਉਹਨਾਂ ਨੂੰ ਮੁਕੰਬਲ ਅਰਾਮ ਦੀ ਸਲਾਹ ਦਿੱਤੀ ਹੈ। ਇਸੇ ਦੌਰਾਨ ਪ੍ਰੋ. ਗੁਰਭਜਨ ਗਿੱਲ, ਸ਼੍ਰੋਮਣੀ ਸ਼ਾਇਰ ਦਰਸ਼ਨ ਬੁੱਟਰ, ਸੁਸ਼ੀਲ ਦੁਸਾਂਝ, ਮੱਖਣ ਕੁਹਾੜ,ਡਾ਼ ਮਨਜਿੰਦਰ ਸਿੰਘ, ਡਾ਼ ਬਲਜੀਤ ਰਿਆੜ,ਗੁਰਮੀਤ ਬਾਜਵਾ, ਡਾ ਕਸਮੀਰ ਸਿੰਘ, ਪ੍ਰਤੀਤ ਸਹਿਦੇਵ, ਮੋਹਿਤ, ਇਕ ਵਾਕ ਸਿੰਘ ਪੱਟੀ, ਵਰਿੰਦਰ ਅਜਾਦ,ਡਾ ਪ੍ਰਮਿੰਦਰ ਸਿੰਘ, ਡਾ. ਹੀਰਾ ਸਿੰਘ, ਡਾ. ਕੁਲਦੀਪ ਸਿੰਘ ਢਿੱਲੋਂ, ਡਾ. ਪ੍ਰਮਜੀਤ ਸਿੰਘ ਬਾਠ ਆਦਿ ਨੇ ਦੀਪ ਦੇਵਿੰਦਰ ਸਿੰਘ ਦੀ ਸਿਹਤ ਦਾ ਹਾਲ ਜਾਣਿਆ ਅਤੇ ਤੰਦਰੁਸਤੀ ਦੀ ਕਾਮਨਾ ਕੀਤੀ।



## ਨਗਰ ਨਿਗਮ ਦੀ ਲਾਪਰਵਾਹੀ
## ਸ਼ਹੀਦਾਂ ਸਾਹਿਬ ਮੇਨ ਚੌਂਕ ਵਿੱਚ ਨਗਰ ਨਿਗਮ ਦੀ ਗੱਡੀ ਵੱਲੋਂ ਸੜਕ ’ਤੇ ਸੁੱਟਿਆ ਕੂੜਾ, ਪਾਣੀ ਦੀ ਨਿਕਾਸੀ ਲਈ ਵੀ ਕੋਈ ਖਾਸ ਪ੍ਰਬੰਧ ਨਹੀਂ

ਅੰਮ੍ਰਿਤਸਰ
ਸਾਂਝੀ ਸੋਚ ਬਿਊਰੋ

ਸ਼ਹੀਦਾਂ ਸਾਹਿਬ ਮੇਨ ਚੌਂਕ ਵਿੱਚ ਨਗਰ ਨਿਗਮ ਦੀ ਲਾਪਰਵਾਹੀ ਦਾ ਇੱਕ ਗੰਭੀਰ ਮਾਮਲਾ ਸਾਹਮਣੇ ਆਇਆ ਹੈ। ਇੱਥੇ ਸੜਕ ਦੇ ਵਿਚਕਾਰ ਕੂੜੇ ਦਾ ਵੱਡਾ ਢੇਰ ਪਿਆ ਹੋਣ ਕਾਰਨ ਆਉਣ-ਜਾਣ ਵਾਲੀ ਸੰਗਤ, ਰਾਹਗੀਰਾਂ ਅਤੇ ਇਲਾਕਾ ਵਾਸੀਆਂ ਨੂੰ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਜਾਣਕਾਰੀ ਅਨੁਸਾਰ ਨਗਰ ਨਿਗਮ ਦੀ ਕੂੜਾ ਚੁੱਕਣ ਵਾਲੀ ਗੱਡੀ ਵੱਲੋਂ ਕੂੜਾ ਇਕੱਠਾ ਕਰਕੇ ਲਿਜਾਇਆ ਜਾ ਰਿਹਾ ਸੀ। ਪਰ ਗੱਡੀ ਵਿੱਚ ਕੂੜਾ ਸਮਰੱਥਾ ਤੋਂ ਵੱਧ ਭਰ ਜਾਣ ਕਾਰਨ ਗੱਡੀ ਚਾਲਕ ਨੇ ਲਾਪਰਵਾਹੀ ਨਾਲ ਕੂੜੇ ਦਾ ਢੇਰ ਸ਼ਹੀਦਾਂ ਸਾਹਿਬ ਮੇਨ ਚੌਂਕ ਦੀ ਸੜਕ ਦੇ ਵਿਚਕਾਰ ਹੀ ਸੁੱਟ ਦਿੱਤਾ ਅਤੇ ਉਥੋਂ ਗੱਡੀ ਲੈ ਕੇ ਚਲਾ ਗਿਆ। ਇਸ ਕਾਰਨ ਸੜਕ ਦੇ ਵਿਚਕਾਰ ਕੂੜੇ ਦਾ ਵੱਡਾ ਢੇਰ ਬਣ ਗਿਆ ਅਤੇ ਲੋਕਾਂ ਨੂੰ ਆਉਣ-ਜਾਣ ਵਿੱਚ ਮੁਸ਼ਕਲ ਪੇਸ਼ ਆਈ। ਲੋਕਾਂ ਦਾ ਕਹਿਣਾ ਹੈ ਕਿ ਜੇਕਰ ਨਗਰ ਨਿਗਮ ਦੀ ਗੱਡੀ ਵਿੱਚ ਕੂੜਾ ਓਵਰਲੋਡ ਕਰਕੇ ਨਹੀਂ ਲੈ ਕੇ ਜਾਣਾ ਚਾਹੀਦਾ । ਸੜਕ ਦੇ ਵਿਚਕਾਰ ਕੂੜਾ ਸੁੱਟ ਕੇ ਚਲੇ ਜਾਣਾ ਨਾ ਸਿਰਫ਼ ਨਗਰ ਨਿਗਮ ਦੀ ਕਾਰਗੁਜ਼ਾਰੀ ’ਤੇ ਸਵਾਲ ਖੜ੍ਹੇ ਕਰਦਾ ਹੈ, ਸਗੋਂ ਆਮ ਲੋਕਾਂ ਦੀ ਸਿਹਤ ਅਤੇ ਸੁਰੱਖਿਆ ਲਈ ਵੀ ਗੰਭੀਰ ਚਿੰਤਾ ਦਾ ਵਿਸ਼ਾ ਹੈ। ਸ਼ਹੀਦਾਂ ਸਾਹਿਬ ਵੱਲ ਆਉਣ-ਜਾਣ ਵਾਲੀ ਸੰਗਤ ਨੂੰ ਇਸ ਗੰਦਗੀ ਕਾਰਨ ਕਾਫ਼ੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਇਸ ਤੋਂ ਇਲਾਵਾ ਮੀਂਹ ਦਾ ਪਾਣੀ ਕੱਢਣ ਲਈ ਵੀ ਇੱਥੇ ਕੋਈ ਖਾਸ ਅਤੇ ਸੁਚੱਜਾ ਪ੍ਰਬੰਧ ਨਜ਼ਰ ਨਹੀਂ ਆਉਂਦਾ। ਪਾਣੀ ਦੀ ਨਿਕਾਸੀ ਠੀਕ ਨਾ ਹੋਣ ਕਾਰਨ ਸੜਕਾਂ ’ਤੇ ਪਾਣੀ ਖੜ੍ਹਾ ਹੋਣ ਦੀ ਸਮੱਸਿਆ ਬਣੀ ਰਹਿੰਦੀ ਹੈ। ਸ਼ਹੀਦਾਂ ਸਾਹਿਬ ਮੇਨ ਚੌਂਕ ਵਿੱਚ ਨਿਯਮਤ ਸਫ਼ਾਈ ਯਕੀਨੀ



ਬਣਾਈ ਜਾਵੇ ਅਤੇ ਪਾਣੀ ਦੀ ਨਿਕਾਸੀ ਲਈ ਪੱਕਾ ਪ੍ਰਬੰਧ ਕੀਤਾ ਜਾਵੇ। ਲੋਕਾਂ ਨੇ ਕਿਹਾ ਕਿ ਧਾਰਮਿਕ ਸਥਾਨ ਦੇ ਨੇੜੇ ਇਸ ਤਰ੍ਹਾਂ ਦੀ ਗੰਦਗੀ ਹੋਣਾ ਪ੍ਰਸ਼ਾਸਨ ਦੀ ਕਾਰਗੁਜ਼ਾਰੀ ’ਤੇ ਸਵਾਲ ਖੜ੍ਹੇ ਕਰਦਾ ਹੈ। ਨਗਰ ਨਿਗਮ ਨੂੰ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਤੁਰੰਤ ਕਾਰਵਾਈ ਕਰਨੀ ਚਾਹੀਦੀ ਹੈ।

## ਵਾਲਮੀਕ ਟਾਈਗਰ ਫੋਰਸ ਫ਼ਰੀਦਕੋਟ ਵੱਲੋਂ ਅਕਲਪ੍ਰੀਤ ਸਿੰਘ ਐਸ.ਐਚ.ਓ ਨੂੰ ਕੀਤਾ ਗਿਆ ਸਨਮਾਨਿਤ

ਫਰੀਦਕੋਟ
ਸਾਂਝੀ ਸੋਚ ਬਿਊਰੋ

ਅੱਜ ਵਾਲਮੀਕ ਟਾਈਗਰ ਫੋਰਸ ਫ਼ਰੀਦਕੋਟ ਦੇ ਜਿਲਾਂ ਪ੍ਰਧਾਨ ਵਿਕਾਸ ਕੁਮਾਰ ਤੇ ਓਨਾਂ ਦੇ ਅਹੁਦੇਦਾਰ ਤੇ ਮੈਬਰ ਸਹਿਬਾਨ ਵੱਲੋ ਅਕਲਪ੍ਰੀਤ ਸਿੰਘ ਵੱਲੋ ਸਿਟੀ 2 ਫ਼ਰੀਦਕੋਟ ਐਸ.ਐਚ.ਓ ਦਾ ਅਹੁਦਾ ਸੰਭਾਲਣ ਤੇ ਕੀਤਾ ਗਿਆ ਸਨਮਾਨਿਤ। ਇਸ ਸਮੇ ਵਾਲਮੀਕ ਟਾਈਗਰ ਫੋਰਸ ਦੇ ਜ਼ਿਲਾ ਪ੍ਰਧਾਨ ਵਿਕਾਸ ਕੁਮਾਰ ਨੇ ਓਨਾਂ ਇਮਾਨਦਾਰੀ, ਸੱਚੀ ਸਿਹਤ ਤੇ ਉੱਜਵਲ ਭਵਿੱਖ ਦੀ ਕਾਮਨਾ ਕਰਦਿਆ ਓਨਾਂ ਨੂੰ ਤਹਿ ਦਿਲ ਤੋ ਮੁਬਾਰਕਬਾਦ ਦਿੱਤੀ। ਸਮਾਜ ਵਿਰੋਧੀ ਅਨਸਰਾਂ ਤੇ ਨਸ਼ਾਂ ਤਸਕਰਾਂ ਦੇ ਨਕੇਲ ਕੱਸਣ ਦੀ ਲਈ ਬੇਨਤੀ ਕੀਤੀ। ਇਸ ਸਮੇ ਅਜੈ ਬਹੁਤ, ਮੋਹਿਤ ਕਾਂਗੜਾ, ਟੀਕੂ, ਰਾਹੁਲ ਕੁਮਾਰ, ਵੀਰੂ ਖੰਨਾ ਆਦਿ ਹਾਜ਼ਰ ਸਨ।



## ਕੋਲੰਬੀਆ 'ਚ ਭੂਚਾਲ ਕਾਰਨ ਮਰਨ ਵਾਲਿਆਂ ਦੀ ਗਿਣਤੀ 180 ਤੋਂ ਪਾਰ

ਬੋਗੋਟਾ
ਸਾਂਝੀ ਸੋਚ ਬਿਊਰੋ

ਕੋਲੰਬੀਅਨ ਐਸੋਸੀਏਸ਼ਨ ਆਫ ਕੈਪੀਟਲ ਸਿਟੀਜ਼ ਨੇ ਕਿਹਾ ਕਿ ਪੱਛਮੀ ਕੋਲੰਬੀਆ ਵਿੱਚ ਸੋਮਵਾਰ ਨੂੰ ਆਏ 7.4 ਤੀਬਰਤਾ ਦੇ ਭੂਚਾਲ ਵਿੱਚ ਮਰਨ ਵਾਲਿਆਂ ਦੀ ਗਿਣਤੀ 188 ਹੋ ਗਈ ਹੈ, ਜਦੋਂ ਕਿ 1,677 ਹੋਰ ਜ਼ਖਮੀ ਹੋਏ ਹਨ। ਕੁੱਲ ਤਾਜ਼ਾ ਅੰਕੜਿਆਂ ਵਿੱਚ ਕੈਲੀ ਸ਼ਹਿਰ ਵਿੱਚ 95 ਮੌਤਾਂ ਅਤੇ 997 ਜ਼ਖਮੀਆਂ ਦੀ ਰਿਪੋਰਟ ਕੀਤੀ ਗਈ ਹੈ, ਜਦੋਂ ਕਿ ਪਰੇਰਾ ਨੇ 79 ਮੌਤਾਂ ਅਤੇ 278 ਜ਼ਖਮੀਆਂ ਦੀ ਰਿਪੋਰਟ ਕੀਤੀ ਹੈ। ਇੱਕ ਨਿਊਜ਼ ਏਜੰਸੀ ਦੀ ਰਿਪੋਰਟ ਅਨੁਸਾਰ, ਕੋਲੰਬੀਆ ਦੇ ਰਾਸ਼ਟਰਪਤੀ ਅਬੇਲਾਰਡੋ ਡੇ ਲਾ ਐਸਪ੍ਰੀਏਲਾ ਨੇ ਪਹਿਲਾਂ ਕਿਹਾ ਸੀ ਕਿ ਭੂਚਾਲ ਨੇ ਛੇ ਹਵਾਈ ਅੱਡਿਆਂ ‘ਤੇ 1,575 ਘਰਾਂ ਅਤੇ ਬੁਨਿਆਦੀ ਢਾਂਚੇ ਨੂੰ ਨੁਕਸਾਨ ਪਹੁੰਚਾਇਆ ਹੈ, ਜਿੱਥੇ ਵਪਾਰਕ ਉਡਾਣ ਸੰਚਾਲਨ ਮੁਅੱਤਲ ਕਰ ਦਿੱਤੇ ਗਏ ਹਨ।

ਕੋਲੰਬੀਆ ਦੀ ਭੂ-ਵਿਗਿਆਨਕ ਸੇਵਾ ਦੇ ਅਨੁਸਾਰ, ਭੂਚਾਲ ਪੱਛਮੀ ਕੋਲੰਬੀਆ ਵਿੱਚ ਸਥਾਨਕ ਸਮੇਂ ਅਨੁਸਾਰ ਸਵੇਰੇ 7:34 ਵਜੇ ਆਇਆ। ਇਸਦਾ ਕੇਂਦਰ ਚੋਕੋ ਵਿਭਾਗ ਵਿੱਚ ਸੈਨ ਹੋਜ਼ੇ ਡੇਲ ਪਾਲਮਰ ਦੇ ਨੇੜੇ 96 ਕਿਲੋਮੀਟਰ ਦੀ ਡੂੰਘਾਈ ‘ਤੇ ਸੀ। ਐਸੋਸੀਏਸ਼ਨ ਨੇ ਕਿਹਾ ਕਿ ਉਹ ਪ੍ਰਭਾਵਿਤ ਵਿਭਾਗਾਂ ਦੀਆਂ ਰਾਜਧਾਨੀਆਂ ਨਾਲ ਨਜ਼ਦੀਕੀ ਸੰਪਰਕ ਬਣਾਈ ਰੱਖ ਰਹੀ ਹੈ ਅਤੇ ਸਥਾਨਕ ਮੇਅਰਾਂ ਅਤੇ ਉਨ੍ਹਾਂ ਦੀਆਂ ਟੀਮਾਂ ਨਾਲ ਨਵੀਨਤਮ ਵਿਕਾਸ ਦੀ ਪਾਲਣਾ ਕਰਨ, ਨੁਕਸਾਨ ਦਾ ਮੁਲਾਂਕਣ ਕਰਨ ਅਤੇ ਸਭ ਤੋਂ ਜ਼ਰੂਰੀ ਰਾਹਤ ਜ਼ਰੂਰਤਾਂ ਦੀ ਪਛਾਣ ਕਰਨ ਲਈ ਸੰਚਾਰ ਕਰ ਰਹੀ ਹੈ। ਦੁਨੀਆ ਭਰ ਦੇ ਨੇਤਾ ਕੋਲੰਬੀਆ ਦੇ ਲੋਕਾਂ ਲਈ ਏਕਤਾ ਅਤੇ ਸਮਰਥਨ ਪ੍ਰਗਟ ਕਰਦੇ ਹਨ। ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਨੇ ਕਿਹਾ ਕਿ ਕੋਲੰਬੀਆ ਫਰਾਂਸ ਦੀ ਦੋਸਤੀ ਅਤੇ ਸਮਰਥਨ ‘ਤੇ ਭਰੋਸਾ ਕਰ ਸਕਦਾ ਹੈ ਅਤੇ ਏਕਤਾ ਪ੍ਰਗਟ ਕੀਤੀ।

# CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

**AUTO · HOME · TRUCK · BUSINESS · LIFE · MEDICAL**

## ਪਾਸਪੋਰਟ / ਵੀਜ਼ਾ

* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

## Vehicle Registration

(Approved by CA DMV)

* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

## Other Services

* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947



**Office Ph.(916) 427-4321**

6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us



Capital DRUG TESTING

# CAPITAL DRUG TESTING

## Drug and Alcohol Test

## DOT / NON DOT

PRE EMPLOYMENT - RANDOM
POST ACCIDENT - REASONABLE SUSPICION


Services: DOT Random Prog., FMCSA Clearinghouse, DOT Supervisor Training, SAP Classes Etc.

**Lab. Ph:(916) 680-9293**

6624 Florin Road
Sacramento CA, 95828
Email: capitaldrugtest@gmail.com
Website: www.capitaldrugtest.com




Arrested ?
DUI ?
Drug Charges ?
Gun Violation ?
Ghuman Law Group
GHUMAN LAW GROUP
Get the Legal Defence you Deserve.
Why Choose Us?
Trusted Legal Experts
Personalized Strategies
Proven Track Record
Criminal Defence Law
• DUI / DWI Defense
• Drug Charges
• Domestic Violence Defense
• Assault & Battery Defense
• Theft / Fraud / Financial Crimes
• Probation Violations
Contact Us
info@ghumanlawgroup.com
ghumanlawgroup.org
+1 228-200-0001


Pal Films Production
All Your Photo/Videography & Post Production needs Under One Roof
PF
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
(925) 489-3400, (341) 356-1517
palfilms925@gmail.com
www.thepalfilms.com



ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ
ਮਲੋਟ

# ਆਜ਼ਾਦੀ ਦੇ 80 ਸਾਲ: ਵਿਗਿਆਨ ਅਤੇ ਖੋਜ ਵਿੱਚ ਭਾਰਤ ਦਾ ਅਸਾਧਾਰਣ ਸਫ਼ਰ

ਭਾਰਤ ਜਦੋਂ ਆਪਣੀ ਆਜ਼ਾਦੀ ਦੇ 80 ਸਾਲ ਪੂਰੇ ਹੋਣ ਦਾ ਜਸ਼ਨ ਮਨਾ ਰਿਹਾ ਹੈ, ਤਾਂ ਇਹ ਸਿਰਫ਼ ਇੱਕ ਇਤਿਹਾਸਕ ਰਾਜਨੀਤਿਕ ਉਪਲਬਧੀ ਨੂੰ ਯਾਦ ਕਰਨ ਦਾ ਮੌਕਾ ਨਹੀਂ, ਸਗੋਂ ਵਿਗਿਆਨਕ ਖੋਜ, ਤਕਨੀਕੀ ਨਵੀਨਤਾ ਅਤੇ ਬੌਧਿਕ ਵਿਕਾਸ ਦੇ ਇੱਕ ਅਸਾਧਾਰਣ ਸਫ਼ਰ 'ਤੇ ਵਿਚਾਰ ਕਰਨ ਦਾ ਵੀ ਸਮਾਂ ਹੈ। 1947 ਤੋਂ ਬਾਅਦ ਭਾਰਤ ਨੇ ਸੀਮਤ ਵਿਗਿਆਨਕ ਢਾਂਚੇ ਵਾਲੇ ਨਵੇਂ ਆਜ਼ਾਦ ਦੇਸ਼ ਤੋਂ ਅੰਤਰਿਕਸ਼ ਖੋਜ, ਦਵਾਈ, ਖੇਤੀਬਾੜੀ, ਸੂਚਨਾ ਤਕਨਾਲੋਜੀ, ਪਰਮਾਣੂ ਵਿਗਿਆਨ, ਬਾਇਓਟੈਕਨਾਲੋਜੀ ਅਤੇ ਹੋਰ ਕਈ ਖੇਤਰਾਂ ਵਿੱਚ ਮਹੱਤਵਪੂਰਨ ਯੋਗਦਾਨ ਪਾਉਣ ਵਾਲੇ ਦੇਸ਼ ਤੱਕ ਦਾ ਲੰਮਾ ਸਫ਼ਰ ਤੈਅ ਕੀਤਾ ਹੈ।ਆਜ਼ਾਦੀ ਦੇ ਸਮੇਂ ਭਾਰਤ ਸਾਹਮਣੇ ਬੇਹੱਦ ਵੱਡੀਆਂ ਚੁਣੌਤੀਆਂ ਸਨ। ਗਰੀਬੀ ਵਿਆਪਕ ਸੀ, ਸਾਖਰਤਾ ਦਰ ਘੱਟ ਸੀ, ਸਿਹਤ ਸਹੂਲਤਾਂ ਸੀਮਤ ਸਨ ਅਤੇ ਵਿਗਿਆਨਕ ਸੰਸਥਾਵਾਂ ਦੀ ਗਿਣਤੀ ਵੀ ਬਹੁਤ ਘੱਟ ਸੀ। ਫਿਰ ਵੀ ਦੇਸ਼ ਦੀ ਅਗਵਾਈ ਨੇ ਇਹ ਸਮਝ ਲਿਆ ਸੀ ਕਿ ਆਧੁਨਿਕ ਅਤੇ ਆਤਮਨਿਰਭਰ ਭਾਰਤ ਦੇ ਨਿਰਮਾਣ ਲਈ ਵਿਗਿਆਨ ਬਹੁਤ ਮਹੱਤਵਪੂਰਨ ਹੋਵੇਗਾ। ਬੁਨਿਆਦੀ ਖੋਜ, ਇੰਜੀਨੀਅਰਿੰਗ, ਚਿਕਿਤਸਾ ਅਤੇ ਉਦਯੋਗਿਕ ਵਿਕਾਸ ਲਈ ਸੰਸਥਾਵਾਂ ਸਥਾਪਤ ਕੀਤੀਆਂ ਗਈਆਂ, ਜਿਨ੍ਹਾਂ ਨੇ ਭਾਰਤ ਦੇ ਵਿਗਿਆਨਕ ਢਾਂਚੇ ਦੀ ਮਜ਼ਬੂਤ ਨੀਂਹ ਰੱਖੀ।

ਭਾਰਤ ਦੀ ਵਿਗਿਆਨਕ ਯਾਤਰਾ ਦਾ ਸਭ ਤੋਂ ਸ਼ਾਨਦਾਰ ਅਧਿਆਇ ਅੰਤਰਿਕਸ਼ ਖੇਤਰ ਨਾਲ ਜੁੜਿਆ ਹੋਇਆ ਹੈ। ਸਾਦੇ ਅਤੇ ਸੀਮਤ ਸਾਧਨਾਂ ਨਾਲ ਸ਼ੁਰੂਆਤ ਕਰਨ ਵਾਲੇ ਭਾਰਤ ਨੇ ਉਪਗ੍ਰਹਿ ਤਿਆਰ ਕਰਨ ਅਤੇ ਉਨ੍ਹਾਂ ਨੂੰ ਪੁਲਾੜ ਵਿੱਚ ਭੇਜਣ, ਚੰਦਰਮਾ ਅਤੇ ਮੰਗਲ ਦੀ ਖੋਜ ਕਰਨ ਅਤੇ ਉੱਨਤ ਅੰਤਰਿਕਸ਼ ਤਕਨਾਲੋਜੀਆਂ ਵਿਕਸਿਤ ਕਰਨ ਦੀ ਸਮਰੱਥਾ ਹਾਸਲ ਕੀਤੀ। ਭਾਰਤ ਦੇ ਚੰਦਰ ਮਿਸ਼ਨਾਂ ਨੇ ਚੰਦਰਮਾ ਬਾਰੇ ਸਾਡੀ ਸਮਝ ਨੂੰ ਵਧਾਇਆ ਹੈ, ਜਦਕਿ ਮੰਗਲ ਮਿਸ਼ਨ ਨੇ ਇਹ ਸਾਬਤ ਕੀਤਾ ਕਿ ਸੁਚੱਜੀ ਯੋਜਨਾਬੰਦੀ ਅਤੇ ਸੀਮਤ ਸਰੋਤਾਂ ਨਾਲ ਵੀ ਮਹੱਤਵਾਕਾਂਖੀ ਵਿਗਿਆਨਕ ਉਪਲਬਧੀਆਂ ਹਾਸਲ ਕੀਤੀਆਂ ਜਾ ਸਕਦੀਆਂ ਹਨ। ਇਨ੍ਹਾਂ ਉਪਲਬਧੀਆਂ ਨੇ ਲੱਖਾਂ ਨੌਜਵਾਨ ਭਾਰਤੀਆਂ ਨੂੰ ਵਿਗਿਆਨ ਅਤੇ ਇੰਜੀਨੀਅਰਿੰਗ ਵੱਲ ਨਵੇਂ ਵਿਸ਼ਵਾਸ ਨਾਲ ਦੇਖਣ ਲਈ ਪ੍ਰੇਰਿਤ ਕੀਤਾ ਹੈ।

ਭਾਰਤੀ ਵਿਗਿਆਨੀਆਂ ਨੇ ਖੇਤੀਬਾੜੀ ਦੇ ਖੇਤਰ ਵਿੱਚ ਵੀ ਮਹੱਤਵਪੂਰਨ ਯੋਗਦਾਨ ਦਿੱਤਾ ਹੈ। ਹਰੀ ਕ੍ਰਾਂਤੀ ਨੇ ਭਾਰਤ ਦੇ ਖੁਰਾਕ ਉਤਪਾਦਨ ਵਿੱਚ ਵੱਡਾ ਬਦਲਾਅ ਲਿਆਂਦਾ ਅਤੇ ਦੇਸ਼ ਨੂੰ ਖੁਰਾਕ ਦੀ ਦਰਾਮਦ 'ਤੇ ਨਿਰਭਰਤਾ ਤੋਂ ਵਧੇਰੇ ਖੁਰਾਕ ਸੁਰੱਖਿਆ ਵੱਲ ਲਿਜਾਣ ਵਿੱਚ ਮਦਦ ਕੀਤੀ। ਇਸ ਤੋਂ ਬਾਅਦ ਖੇਤੀਬਾੜੀ ਖੋਜ ਨੇ ਸੋਕੇ-ਰੋਧੀ ਫ਼ਸਲਾਂ, ਸੁਧਰੀਆਂ ਕਿਸਮਾਂ, ਬਾਇਓਟੈਕਨਾਲੋਜੀ, ਮਿੱਟੀ ਦੀ ਸਿਹਤ ਅਤੇ ਜਲਵਾਯੂ-ਅਨੁਕੂਲ ਖੇਤੀ ਵਰਗੇ ਖੇਤਰਾਂ ਵਿੱਚ ਤਰੱਕੀ ਕੀਤੀ। ਅੱਜ ਚੁਣੌਤੀ ਸਿਰਫ਼ ਵੱਧ ਭੋਜਨ ਪੈਦਾ ਕਰਨਾ ਨਹੀਂ, ਸਗੋਂ ਕੁਦਰਤੀ ਸਰੋਤਾਂ ਦੀ ਰੱਖਿਆ ਕਰਦੇ ਹੋਏ ਪੌਸ਼ਟਿਕ ਅਤੇ ਟਿਕਾਊ ਭੋਜਨ ਉਤਪਾਦਨ ਕਰਨਾ ਹੈ।

ਸਿਹਤ ਖੇਤਰ ਵਿਗਿਆਨਕ ਤਰੱਕੀ ਦਾ ਇੱਕ ਹੋਰ ਮਹੱਤਵਪੂਰਨ ਖੇਤਰ ਹੈ। ਭਾਰਤ ਨੇ ਇੱਕ ਵਿਸ਼ਾਲ ਦਵਾਈ ਉਦਯੋਗ ਵਿਕਸਿਤ ਕੀਤਾ ਹੈ ਅਤੇ ਕਿਫ਼ਾਇਤੀ ਦਵਾਈਆਂ ਅਤੇ ਟੀਕਿਆਂ ਦੇ ਇੱਕ ਮਹੱਤਵਪੂਰਨ ਉਤਪਾਦਕ ਵਜੋਂ ਆਪਣੀ ਪਛਾਣ ਬਣਾਈ ਹੈ। ਭਾਰਤੀ ਖੋਜਕਰਤਾਵਾਂ ਅਤੇ ਡਾਕਟਰੀ ਮਾਹਿਰਾਂ ਨੇ ਬਿਮਾਰੀਆਂ ਦੀ ਰੋਕਥਾਮ, ਨਿਦਾਨ, ਬਾਇਓਟੈਕਨਾਲੋਜੀ ਅਤੇ ਜਨਤਕ ਸਿਹਤ ਪ੍ਰੋਗਰਾਮਾਂ ਵਿੱਚ ਯੋਗਦਾਨ ਪਾਇਆ ਹੈ। ਕੋਵਿਡ-19 ਮਹਾਮਾਰੀ ਦੌਰਾਨ ਦੇਸ਼ ਦੇ ਤਜਰਬੇ ਨੇ ਵਿਗਿਆਨਕ ਖੋਜ, ਟੀਕਾ ਵਿਕਾਸ, ਉਤਪਾਦਨ ਸਮਰੱਥਾ ਅਤੇ ਸਿਹਤ ਢਾਂਚੇ ਦੀ ਮਹੱਤਤਾ ਨੂੰ ਹੋਰ ਵੀ ਸਪੱਸ਼ਟ ਕੀਤਾ।

ਸੂਚਨਾ ਤਕਨਾਲੋਜੀ ਦੀ ਕ੍ਰਾਂਤੀ ਸ਼ਾਇਦ ਭਾਰਤ ਦੇ ਸਭ ਤੋਂ ਦਿੱਖਣਯੋਗ ਬਦਲਾਵਾਂ ਵਿੱਚੋਂ ਇੱਕ ਹੈ। ਕੁਝ ਦਹਾਕੇ ਪਹਿਲਾਂ ਦੇ ਮੁਕਾਬਲੇ ਅੱਜ ਭਾਰਤ ਸਾਫ਼ਟਵੇਅਰ, ਡਿਜ਼ੀਟਲ ਸੇਵਾਵਾਂ, ਦੂਰਸੰਚਾਰ ਅਤੇ ਤਕਨੀਕੀ ਨਵੀਨਤਾ ਦਾ ਇੱਕ ਮਹੱਤਵਪੂਰਨ ਵਿਸ਼ਵ ਕੇਂਦਰ ਬਣ ਚੁੱਕਾ ਹੈ। ਡਿਜ਼ੀਟਲ ਜਨਤਕ ਢਾਂਚੇ ਦੇ ਵਿਕਾਸ ਨੇ ਇਹ ਵੀ ਦਿਖਾਇਆ ਹੈ ਕਿ ਤਕਨਾਲੋਜੀ ਦੀ ਵਰਤੋਂ ਵੱਡੇ ਪੱਧਰ 'ਤੇ ਸੇਵਾਵਾਂ, ਡਿਜ਼ੀਟਲ ਭੁਗਤਾਨ, ਪਛਾਣ ਅਤੇ ਸੰਚਾਰ ਤੱਕ ਪਹੁੰਚ ਨੂੰ ਬਿਹਤਰ ਬਣਾਉਣ ਲਈ ਕੀਤੀ ਜਾ ਸਕਦੀ ਹੈ।

ਭਾਰਤ ਦੀ ਵਿਗਿਆਨਕ ਕਹਾਣੀ ਵਿੱਚ ਪਰਮਾਣੂ ਊਰਜਾ, ਪਦਾਰਥ ਵਿਗਿਆਨ, ਇੰਜੀਨੀਅਰਿੰਗ, ਦਵਾਈ ਉਦਯੋਗ, ਜੈਨੇਟਿਕਸ, ਵਾਤਾਵਰਣ ਵਿਗਿਆਨ ਅਤੇ ਨਵਿਆਉਣਯੋਗ ਊਰਜਾ ਵੀ ਸ਼ਾਮਲ ਹਨ। ਭਾਰਤੀ ਸੰਸਥਾਵਾਂ ਨੇ ਬੁਨਿਆਦੀ ਖੋਜ ਦੇ ਨਾਲ-ਨਾਲ ਅਜਿਹੀਆਂ ਤਕਨੀਕਾਂ ਦੇ ਵਿਕਾਸ ਵਿੱਚ ਵੀ ਯੋਗਦਾਨ ਦਿੱਤਾ ਹੈ ਜੋ ਆਮ ਲੋਕਾਂ ਦੇ ਰੋਜ਼ਾਨਾ ਜੀਵਨ ਨੂੰ ਪ੍ਰਭਾਵਿਤ ਕਰਦੀਆਂ ਹਨ। ਸੂਰਜੀ ਊਰਜਾ, ਇਲੈਕਟ੍ਰਿਕ ਵਾਹਨਾਂ, ਉੱਨਤ ਨਿਰਮਾਣ ਅਤੇ ਸਾਫ਼ ਤਕਨਾਲੋਜੀਆਂ ਦਾ ਵਿਸਥਾਰ ਦਰਸਾਉਂਦਾ ਹੈ ਕਿ ਆਧੁਨਿਕ ਚੁਣੌਤੀਆਂ ਨਾਲ ਨਜਿੱਠਣ ਵਿੱਚ ਵਿਗਿਆਨ ਦੀ ਭੂਮਿਕਾ ਲਗਾਤਾਰ ਵਧ ਰਹੀ ਹੈ।

ਇਨ੍ਹਾਂ ਅੱਠ ਦਹਾਕਿਆਂ ਦੀ ਸਭ ਤੋਂ ਵੱਡੀ ਉਪਲਬਧੀ ਸ਼ਾਇਦ ਕੋਈ ਇੱਕ ਖੋਜ ਜਾਂ ਤਕਨੀਕੀ ਉਪਲਬਧੀ ਨਹੀਂ, ਸਗੋਂ ਦੇਸ਼ ਵਿੱਚ ਇੱਕ ਵਿਗਿਆਨਕ ਸੰਸਕ੍ਰਿਤੀ ਦਾ ਵਿਕਾਸ ਹੈ। ਯੂਨੀਵਰਸਿਟੀਆਂ, ਪ੍ਰਯੋਗਸ਼ਾਲਾਵਾਂ, ਖੋਜ ਸੰਸਥਾਵਾਂ, ਆਈਆਈਟੀਜ਼, ਮੈਡੀਕਲ ਕਾਲਜਾਂ ਅਤੇ ਹੋਰ ਅਨੇਕ ਸੰਸਥਾਵਾਂ ਨੇ ਵਿਗਿਆਨੀਆਂ, ਇੰਜੀਨੀਅਰਾਂ, ਡਾਕਟਰਾਂ ਅਤੇ ਖੋਜਕਰਤਾਵਾਂ ਦੀਆਂ ਕਈ ਪੀੜ੍ਹੀਆਂ ਤਿਆਰ ਕੀਤੀਆਂ ਹਨ। ਦੇਸ਼ ਦੇ ਅੰਦਰ ਅਤੇ ਵਿਦੇਸ਼ਾਂ ਵਿੱਚ ਕੰਮ ਕਰ ਰਹੇ ਭਾਰਤੀ ਵਿਗਿਆਨੀਆਂ ਨੇ ਵਿਸ਼ਵ ਵਿਗਿਆਨ ਵਿੱਚ ਭਾਰਤ ਦੇ ਯੋਗਦਾਨ ਨੂੰ ਮਜ਼ਬੂਤ ਕੀਤਾ ਹੈ।

ਪਰ ਵਿਗਿਆਨਕ ਤਰੱਕੀ ਦੇ 80 ਸਾਲਾਂ ਦਾ ਜਸ਼ਨ ਸਾਨੂੰ ਇਹ ਸੋਚਣ ਲਈ ਵੀ ਪ੍ਰੇਰਿਤ ਕਰਨਾ ਚਾਹੀਦਾ ਹੈ ਕਿ ਅਗਲਾ ਕਦਮ ਕੀ ਹੋਵੇਗਾ। ਭਾਰਤ ਜਲਵਾਯੂ ਪਰਿਵਰਤਨ, ਪਾਣੀ ਦੀ ਕਮੀ, ਪ੍ਰਦੂਸ਼ਣ, ਉਭਰ ਰਹੀਆਂ ਬਿਮਾਰੀਆਂ, ਖੁਰਾਕ ਸੁਰੱਖਿਆ, ਊਰਜਾ ਦੀਆਂ ਲੋੜਾਂ, ਜੈਵ-ਵਿਭਿੰਨਤਾ ਵਿੱਚ ਕਮੀ ਅਤੇ ਕ੍ਰਿਤ੍ਰਿਮ ਬੁੱਧੀ ਨਾਲ ਜੁੜੇ ਨੈਤਿਕ ਸਵਾਲਾਂ ਵਰਗੀਆਂ ਜਟਿਲ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ। ਇਨ੍ਹਾਂ ਸਮੱਸਿਆਵਾਂ ਦੇ ਹੱਲ ਲਈ ਸਿਰਫ਼ ਵਧੇਰੇ ਖੋਜ ਹੀ ਨਹੀਂ, ਸਗੋਂ ਵਿਗਿਆਨੀਆਂ, ਅਧਿਆਪਕਾਂ, ਉਦਯੋਗ, ਨੀਤੀ-ਨਿਰਮਾਤਾਵਾਂ ਅਤੇ ਸਮਾਜ ਵਿਚਕਾਰ ਵਧੇਰੇ ਸਹਿਯੋਗ ਦੀ ਵੀ ਲੋੜ ਹੈ।

ਭਾਰਤੀ ਵਿਗਿਆਨ ਦਾ ਭਵਿੱਖ ਆਖ਼ਰਕਾਰ ਨੌਜਵਾਨਾਂ 'ਤੇ ਨਿਰਭਰ ਕਰੇਗਾ। ਵਿਗਿਆਨਕ ਜਿਗਿਆਸਾ ਨੂੰ ਬਚਪਨ ਤੋਂ ਹੀ ਉਤਸ਼ਾਹਿਤ ਕਰਨਾ ਹੋਵੇਗਾ। ਵਿਦਿਆਰਥੀਆਂ ਨੂੰ ਸਿਰਫ਼ ਪ੍ਰੀਖਿਆਵਾਂ ਲਈ ਜਾਣਕਾਰੀ ਯਾਦ ਕਰਨ ਦੀ ਬਜਾਏ ਪ੍ਰਯੋਗ ਕਰਨ, ਸਵਾਲ ਪੁੱਛਣ, ਨਿਰੀਖਣ ਕਰਨ, ਕੁਝ ਨਵਾਂ ਬਣਾਉਣ ਅਤੇ ਖੋਜ ਕਰਨ ਦੇ ਮੌਕੇ ਮਿਲਣੇ ਚਾਹੀਦੇ ਹਨ। ਸਕੂਲਾਂ ਅਤੇ ਕਾਲਜਾਂ ਵਿੱਚ ਮਜ਼ਬੂਤ ਖੋਜ ਸੰਸਕ੍ਰਿਤੀ, ਬਿਹਤਰ ਪ੍ਰਯੋਗਸ਼ਾਲਾਵਾਂ ਅਤੇ ਅਸਲ ਜੀਵਨ ਦੀਆਂ ਵਿਗਿਆਨਕ ਸਮੱਸਿਆਵਾਂ ਨਾਲ ਜਾਣ-ਪਛਾਣ ਦੀ ਲੋੜ ਹੈ।ਭਾਰਤ ਨੂੰ ਇਹ ਵੀ ਯਕੀਨੀ ਬਣਾਉਣਾ ਹੋਵੇਗਾ ਕਿ ਵਿਗਿਆਨਕ ਤਰੱਕੀ ਸਮਾਵੇਸ਼ੀ ਹੋਵੇ। ਤਕਨਾਲੋਜੀ ਅਤੇ ਖੋਜ ਦੇ ਲਾਭ ਪੇਂਡੂ ਭਾਈਚਾਰਿਆਂ, ਕਿਸਾਨਾਂ, ਮਹਿਲਾਵਾਂ, ਬੱਚਿਆਂ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਤੱਕ ਪਹੁੰਚਣੇ ਚਾਹੀਦੇ ਹਨ। ਨਵੀਨਤਾ ਉਦੋਂ ਹੀ ਅਰਥਪੂਰਨ ਬਣਦੀ ਹੈ ਜਦੋਂ ਇਹ ਆਮ ਨਾਗਰਿਕਾਂ ਦੇ ਜੀਵਨ ਦੀ ਗੁਣਵੱਤਾ ਵਿੱਚ ਸੁਧਾਰ ਲਿਆਉਂਦੀ ਹੈ।ਭਾਰਤ ਜਦੋਂ ਆਜ਼ਾਦੀ ਦੇ 81ਵੇਂ ਸਾਲ ਵਿੱਚ ਦਾਖ਼ਲ ਹੋ ਰਿਹਾ ਹੈ, ਤਾਂ ਉਸਦੀ ਵਿਗਿਆਨਕ ਯਾਤਰਾ ਸਾਨੂੰ ਇੱਕ ਮਹੱਤਵਪੂਰਨ ਸਬਕ ਦਿੰਦੀ ਹੈ: ਰਾਸ਼ਟਰ ਸਿਰਫ਼ ਆਪਣੇ ਕੁਦਰਤੀ ਸਰੋਤਾਂ ਜਾਂ ਆਰਥਿਕ ਦੌਲਤ ਨਾਲ ਮਜ਼ਬੂਤ ਨਹੀਂ ਹੁੰਦੇ, ਸਗੋਂ ਗਿਆਨ ਪੈਦਾ ਕਰਨ ਅਤੇ ਉਸ ਗਿਆਨ ਨੂੰ ਸਮੱਸਿਆਵਾਂ ਦੇ ਹੱਲ ਵਿੱਚ ਬਦਲਣ ਦੀ ਸਮਰੱਥਾ ਨਾਲ ਵੀ ਮਜ਼ਬੂਤ ਹੁੰਦੇ ਹਨ।

ਪ੍ਰਯੋਗਸ਼ਾਲਾਵਾਂ ਤੋਂ ਖੇਤਾਂ ਤੱਕ, ਹਸਪਤਾਲਾਂ ਤੋਂ ਉਪਗ੍ਰਹਿਆਂ ਤੱਕ, ਕਲਾਸਰੂਮਾਂ ਤੋਂ ਡਿਜ਼ੀਟਲ ਨੈੱਟਵਰਕਾਂ ਤੱਕ ਵਿਗਿਆਨ ਨੇ ਪਿਛਲੇ ਅੱਠ ਦਹਾਕਿਆਂ ਦੌਰਾਨ ਭਾਰਤ ਦੇ ਬਦਲਾਅ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਸੀਮਤ ਵਿਗਿਆਨਕ ਸਮਰੱਥਾ ਤੋਂ ਵਿਸ਼ਵ ਪੱਧਰੀ ਤਕਨੀਕੀ ਮਹੱਤਵਾਕਾਂਖਾ ਤੱਕ ਦਾ ਇਹ ਸਫ਼ਰ ਲਗਨ, ਕਲਪਨਾਸ਼ੀਲਤਾ ਅਤੇ ਰਾਸ਼ਟਰੀ ਆਤਮਵਿਸ਼ਵਾਸ ਦੀ ਕਹਾਣੀ ਹੈ।ਅਗਲਾ ਅਧਿਆਇ ਇਸ ਤੋਂ ਵੀ ਵੱਧ ਮਹੱਤਵਾਕਾਂਖੀ ਹੋਣਾ ਚਾਹੀਦਾ ਹੈ। ਭਾਰਤ ਨੂੰ ਸਿਰਫ਼ ਤਕਨਾਲੋਜੀ ਦੀ ਵਰਤੋਂ ਕਰਨ ਵਾਲਾ ਨਹੀਂ, ਸਗੋਂ ਨਵੀਂ ਤਕਨਾਲੋਜੀ ਬਣਾਉਣ ਵਾਲਾ ਦੇਸ਼ ਬਣਨ ਦਾ ਟੀਚਾ ਰੱਖਣਾ ਚਾਹੀਦਾ ਹੈ। ਸਿਰਫ਼ ਵਿਗਿਆਨਕ ਵਿਕਾਸ ਦੇ ਪਿੱਛੇ ਚੱਲਣ ਦੀ ਬਜਾਏ ਉਸਦੀ ਅਗਵਾਈ ਕਰਨੀ ਚਾਹੀਦੀ ਹੈ ਅਤੇ ਸਿਰਫ਼ ਹੁਨਰਮੰਦ ਪੇਸ਼ੇਵਰ ਪੈਦਾ ਕਰਨ ਦੀ ਬਜਾਏ ਮੌਲਿਕ ਵਿਚਾਰਕਾਂ, ਖੋਜਕਰਤਾਵਾਂ ਅਤੇ ਖੋਜੀਆਂ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ।

ਆਜ਼ਾਦੀ ਦੇ 80 ਸਾਲਾਂ ਨੇ ਭਾਰਤ ਨੂੰ ਨਿਰਮਾਣ ਦਾ ਮੌਕਾ ਦਿੱਤਾ ਹੈ। ਆਉਣ ਵਾਲੇ ਦਹਾਕੇ ਖੋਜ, ਨਵੀਨਤਾ ਅਤੇ ਵਿਗਿਆਨਕ ਅਗਵਾਈ ਦੇ ਯੁੱਗ ਬਣਨੇ ਚਾਹੀਦੇ ਹਨ।







web -www.globaldrugtestinginc@gmail.com
email -info@globaltruckpermits.com
ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ
GLOBAL TRUCK PERMITS
ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ
ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ
New Company Permits
IRP Plates
Trailer Plates
Truck ELD
DOT Drug Testing
DOT Drug Testing | Compliance Services | Driver Hiring
Driver Files | Safety Audit | Clearing House | Driver Management
"ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ"
ਅੱਜ ਹੀ ਕਾਲ ਕਰੋ :
ਰਾਜਿੰਦਰ ਟਾਂਡਾ
Ph : (209) 636-0880 | Ph : (209) 364-3020 | Cell :(510) 557-6988
Address: 159 Darcy Pkwy Lathrop, CA 95330

# TAKE CONTROL OF YOUR HEALTH!

## PRIVATE, AFFORDABLE, & CONVENIENT

# 8000+ TESTS

General Health, Food Allergy Testing, Paternity Testing, Hormone Testing, Diabetes Monitoring, STD Testing, & More!

## NO INSURANCE? NO PROBLEM!

### WALK-INS WELCOME

ANYLABTEST NOW



ਵਧੇਰੇ ਜਾਣਕਾਰੀ ਲਈ ਕਾਲ ਕਰੋ : (209) 629-8282 | (209) 505-6384

Address: 119. Maple AVe, Suite A Manteca, CA 95336


ELK GROVE
Thank You
ELK GROVE.
I am deeply grateful to the residents of Elk Grove for your incredible outpouring of love, support, and confidence.
I am truly honored to be running uncontested for re-election as your Mayor.
Together, we have made Elk Grove one of California's best places to live, and I look forward to continuing our work to keep our city safe, thriving, and strong.
ELK GROVE
BOBBIE
Singh-Allen
ELK GROVE MAYOR

Surjit Singh Flora
6 Havelock Drive
Brampton, Canada
647-829-9397



# ਕੀ ਇਸਲਾਮਿਕ ਨਾਟੋ ਤਿੰਨ ਦੇਸ਼ਾਂ ਤੋਂ ਅੱਗੇ ਵਧ ਸਕਦੀ ਹੈ?

7 ਅਗਸਤ ਨੂੰ ਮੱਕਾ ਵਿੱਚ ਸਾਊਦੀ ਅਰਬ, ਤੁਰਕੀ ਅਤੇ ਪਾਕਿਸਤਾਨ ਨੇ ਸਾਂਝੇ ਰੱਖਿਆ ਸਮਝੌਤੇ 'ਤੇ ਦਸਤਖਤ ਕੀਤੇ। ਇਸ ਅਧੀਨ ਕਿਸੇ ਇੱਕ ਦੇਸ਼ 'ਤੇ ਹਥਿਆਰਬੰਦ ਹਮਲਾ ਤਿੰਨਾਂ 'ਤੇ ਹਮਲਾ ਮੰਨਿਆ ਜਾਵੇਗਾ। ਸਮਝੌਤੇ ਨੂੰ ਪਹਿਲਾਂ ਹੀ "ਇਸਲਾਮਿਕ ਨਾਟੋ" ਦੇ ਨਾਂ ਦਿੱਤਾ ਗਿਆ ਹੈ ਅੱਗੇ ਜਾ ਕੇ ਇਹ ਕਿਸ ਨਾਂ ਤੇ ਕਿਸ ਹੋਂਦ ਵਿਚ ਕਰਵਟ ਲੈਂਦਾ ਹੈ ਇਹ ਤਾਂ ਸਮਾਂ ਹੀ ਦੱਸੇਗਾ।ਇਸ ਤੁਲਨਾ ਦਾ ਆਧਾਰ ਨਾਟੋ ਦੇ ਆਰਟੀਕਲ 5 ਵਰਗੀ ਸਾਂਝੀ ਰੱਖਿਆ ਦੀ ਭਾਸ਼ਾ ਹੈ। ਪਰ ਕਿਸੇ ਸਮਝੌਤੇ ਦੀ ਅਸਲ ਤਾਕਤ ਉਸ ਦੇ ਸ਼ਬਦਾਂ ਨਾਲ ਨਹੀਂ, ਸਗੋਂ ਇਸ ਗੱਲ ਨਾਲ ਤੈਅ ਹੁੰਦੀ ਹੈ ਕਿ ਮੈਂਬਰ ਦੇਸ਼ ਸੰਕਟ ਵੇਲੇ ਮਿਲ ਕੇ ਕਾਰਵਾਈ ਕਰਨ ਲਈ ਕਿਹੜੀਆਂ ਸੰਸਥਾਵਾਂ ਬਣਾਉਂਦੇ ਹਨ।

ਮੱਕਾ ਸਾਂਝਾ ਰੱਖਿਆ ਸਮਝੌਤਾ ਸਾਊਦੀ ਕ੍ਰਾਊਨ ਪ੍ਰਿੰਸ ਮੁਹੰਮਦ ਬਿਨ ਸਲਮਾਨ, ਤੁਰਕੀ ਦੇ ਰਾਸ਼ਟਰਪਤੀ ਰੇਚਪ ਤੈਯਪ ਅਰਦੋਆਨ ਅਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ਼ ਨੇ ਕੀਤਾ। ਇਸ ਦੇ ਐਲਾਨੇ ਉਦੇਸ਼ਾਂ ਵਿੱਚ ਰੋਕਥਾਮ, ਫੌਜੀ ਸਹਿਯੋਗ, ਖੇਤਰੀ ਅਮਨ, ਸੁਰੱਖਿਆ ਅਤੇ ਸਥਿਰਤਾ ਸ਼ਾਮਲ ਹਨ।

ਤਿੰਨਾਂ ਦੇਸ਼ਾਂ ਦੀਆਂ ਤਾਕਤਾਂ ਵੱਖਰੀਆਂ ਹਨ। ਪਾਕਿਸਤਾਨ ਕੋਲ ਪਰਮਾਣੂ ਹਥਿਆਰ, ਵੱਡੀ ਫੌਜ ਅਤੇ ਜੰਗੀ ਤਜਰਬਾ ਹੈ। ਤੁਰਕੀ ਕੋਲ ਨਾਟੋ ਦੀ ਦੂਜੀ ਸਭ ਤੋਂ ਵੱਡੀ ਫੌਜ, ਡਰੋਨ, ਮਿਸਾਈਲਾਂ, ਜਲ ਸੈਨਾ ਅਤੇ ਤੇਜ਼ੀ ਨਾਲ ਵਧ ਰਿਹਾ ਰੱਖਿਆ ਉਦਯੋਗ ਹੈ। ਸਾਊਦੀ ਅਰਬ ਕੋਲ ਵੱਡੇ ਵਿੱਤੀ ਸਰੋਤ, ਊਰਜਾ ਬਾਜ਼ਾਰ 'ਤੇ ਪ੍ਰਭਾਵ ਅਤੇ ਅਰਬ ਤੇ ਮੁਸਲਿਮ ਦੁਨੀਆ ਵਿੱਚ ਮਹੱਤਵਪੂਰਨ ਕੂਟਨੀਤਿਕ ਸਥਾਨ ਹੈ।

ਇਹ ਮਿਲਾਪ ਸਮਝੌਤੇ ਨੂੰ ਵਜ਼ਨ ਦਿੰਦਾ ਹੈ, ਪਰ ਜਨਤਕ ਤੌਰ 'ਤੇ ਉਪਲਬਧ ਜਾਣਕਾਰੀ ਵਿੱਚ ਨਾ ਤਾਂ ਆਪਣੇ ਆਪ ਫੌਜ ਭੇਜਣ ਦੀ ਵਿਵਸਥਾ ਹੈ, ਨਾ ਸਾਂਝੀ ਫੌਜ ਅਤੇ ਨਾ ਹੀ ਇੱਕਜੁਟ ਕਮਾਂਡ। ਸਾਂਝੀ ਰੱਖਿਆ ਦਾ ਵਾਅਦਾ ਸਿਆਸੀ ਸੰਦੇਸ਼ ਤਾਂ ਦਿੰਦਾ ਹੈ, ਪਰ ਆਪਣੇ ਆਪ ਇੱਕ ਇਕੱਠੀ ਫੌਜ ਨਹੀਂ ਬਣਾਉਂਦਾ।

ਸਮਝੌਤੇ ਦਾ ਸਮਾਂ ਵੀ ਮਹੱਤਵਪੂਰਨ ਹੈ। ਖਾੜੀ ਵਿੱਚ ਮਿਸਾਈਲ ਹਮਲਿਆਂ, ਊਰਜਾ ਢਾਂਚੇ ਨੂੰ ਖ਼ਤਰਿਆਂ ਅਤੇ ਲਾਲ ਸਾਗਰ ਤੇ ਹੁਰਮੁਜ਼ ਜਲਡਮਰੂਮੱਧ ਨੇੜੇ ਜਹਾਜ਼ਰਾਨੀ ਦੀਆਂ ਰੁਕਾਵਟਾਂ ਨੇ ਖੇਤਰੀ ਰੱਖਿਆ ਨੂੰ ਕੇਂਦਰੀ ਮੁੱਦਾ ਬਣਾ ਦਿੱਤਾ ਹੈ। ਇਹ ਸਮਝੌਤਾ ਉਸ ਵਿਆਪਕ ਟਕਰਾਅ ਤੋਂ ਬਾਅਦ ਹੋਇਆ ਜਿਸ ਵਿੱਚ ਇਰਾਨ, ਇਜ਼ਰਾਈਲ ਅਤੇ ਅਮਰੀਕਾ ਸ਼ਾਮਲ ਸਨ ਅਤੇ ਖਾੜੀ ਦੇ ਤੇਲ ਨਿਰਯਾਤਕਾਂ ਵੱਲ ਮਿਸਾਈਲ ਹਮਲੇ ਹੋਏ।

ਮੱਕਾ ਵਿੱਚ ਸਮਾਰੋਹ ਹੋਣ ਕਾਰਨ ਸਮਝੌਤੇ ਨੂੰ ਧਾਰਮਿਕ ਅਤੇ ਸਿਆਸੀ ਮਹੱਤਤਾ ਮਿਲੀ, ਪਰ ਇਸ ਨਾਲ ਦਸਤਾਵੇਜ਼ ਵਿੱਚ ਦਰਜ ਫੌਜੀ ਜ਼ਿੰਮੇਵਾਰੀਆਂ ਨਹੀਂ ਵਧੀਆਂ। ਸਾਊਦੀ ਅਤੇ ਤੁਰਕੀ ਅਧਿਕਾਰੀਆਂ ਨੇ ਇਸ ਨੂੰ ਰੱਖਿਆਤਮਕ ਸਮਝੌਤਾ ਦੱਸਿਆ ਹੈ, ਇਰਾਨ ਵਿਰੋਧੀ ਗਠਜੋੜ ਜਾਂ ਫਿਰਕੂ ਧੜਾ ਨਹੀਂ। ਇਰਾਨੀ ਸੰਸਦ ਮੈਂਬਰ ਇਬਰਾਹਿਮ ਰਜ਼ਾਈ ਨੇ ਇਸ ਨੂੰ "ਕਾਗਜ਼ੀ ਸਮਝੌਤਾ" ਕਿਹਾ, ਪਰ ਇਹ ਉਨ੍ਹਾਂ ਦੀ ਨਿੱਜੀ ਟਿੱਪਣੀ ਸੀ, ਤਹਿਰਾਨ ਦਾ ਸਰਕਾਰੀ ਜਵਾਬ ਨਹੀਂ।

## ਤਿੰਨਾਂ ਦੇਸ਼ਾਂ ਦੇ ਹਿੱਤ

ਪਾਕਿਸਤਾਨ ਦਾ ਸਾਊਦੀ ਅਰਬ ਨਾਲ ਫੌਜੀ ਸਬੰਧ ਕਈ ਦਹਾਕਿਆਂ ਪੁਰਾਣਾ ਹੈ। ਪਾਕਿਸਤਾਨੀ ਫੌਜ ਨੇ ਸਾਊਦੀ ਬਲਾਂ ਨਾਲ ਸਿਖਲਾਈ ਅਤੇ ਸੁਰੱਖਿਆ ਕਾਰਵਾਈਆਂ ਵਿੱਚ ਕੰਮ ਕੀਤਾ ਹੈ। ਇਸ ਦੀ ਪਰਮਾਣੂ ਸਮਰੱਥਾ ਸਾਂਝੀ ਰੋਕਥਾਮ ਵਿੱਚ ਵਾਧੂ ਭੂਮਿਕਾ ਨਿਭਾ ਸਕਦੀ ਹੈ।

ਤੁਰਕੀ ਰਵਾਇਤੀ ਫੌਜੀ ਸਮਰੱਥਾ ਦੇ ਨਾਲ ਰੱਖਿਆ ਤਕਨਾਲੋਜੀ ਅਤੇ ਦੇਸੀ ਹਥਿਆਰ ਉਦਯੋਗ ਲਿਆਉਂਦਾ ਹੈ। ਇਸ ਦੇ ਡਰੋਨ ਅਤੇ ਹੋਰ ਹਥਿਆਰਾਂ ਦੀ ਵਿਦੇਸ਼ੀ ਮੰਗ ਵੀ ਵਧੀ ਹੈ। ਸਾਊਦੀ ਅਰਬ ਹਥਿਆਰਾਂ, ਢਾਂਚੇ, ਰੱਖ-ਰਖਾਅ ਅਤੇ ਸਾਂਝੇ ਪ੍ਰੋਗਰਾਮਾਂ ਲਈ ਪੈਸਾ ਦੇ ਸਕਦਾ ਹੈ। ਇਸ ਦੀ ਭੂਗੋਲਿਕ ਸਥਿਤੀ ਅਤੇ ਕੂਟਨੀਤਿਕ ਪਹੁੰਚ ਵੀ ਮਹੱਤਵ ਰੱਖਦੀ ਹੈ।

ਪਰ ਸਾਂਝੇ ਸਰੋਤਾਂ ਨਾਲ ਮੁਸ਼ਕਲ ਫੈਸਲੇ ਹੱਲ ਨਹੀਂ ਹੁੰਦੇ। ਜੇ ਕਿਸੇ ਮੈਂਬਰ 'ਤੇ ਹਮਲਾ ਹੋਵੇ, ਤਾਂ ਪਹਿਲੀ ਕਾਰਵਾਈ ਕੌਣ ਕਰੇਗਾ? ਕਿਹੜੀ ਮਦਦ ਦਿੱਤੀ ਜਾਵੇਗੀ? ਕਮਾਂਡ ਕਿਸ ਦੇ ਹੱਥ ਹੋਵੇਗੀ? ਕੀ ਸਹਾਇਤਾ ਵਿੱਚ ਖੁਫੀਆ ਜਾਣਕਾਰੀ, ਹਥਿਆਰ, ਹਵਾਈ ਰੱਖਿਆ, ਰਸਦ ਜਾਂ ਸਿੱਧੀ ਲੜਾਈ ਸ਼ਾਮਲ ਹੋਵੇਗੀ?

ਸਾਂਝਾ ਖ਼ਤਰਾ ਸਰਕਾਰਾਂ ਨੂੰ ਤੇਜ਼ੀ ਨਾਲ ਨੇੜੇ ਲਿਆ ਸਕਦਾ ਹੈ, ਪਰ ਇੱਕ ਸਾਂਝੀ ਜੰਗੀ ਯੋਜਨਾ ਇੱਕ ਰਾਤ ਵਿੱਚ ਨਹੀਂ ਬਣਦੀ।

## ਹੋਰ ਮੈਂਬਰਾਂ ਦੀ ਸੰਭਾਵਨਾ

ਪਾਕਿਸਤਾਨ ਦੇ ਵਿਦੇਸ਼ ਮੰਤਰੀ ਇਸਹਾਕ ਡਾਰ ਨੇ 9 ਅਗਸਤ ਨੂੰ ਕਿਹਾ ਕਿ ਸਮਝੌਤਾ ਉਨ੍ਹਾਂ ਦੇਸ਼ਾਂ ਲਈ ਖੁੱਲ੍ਹਾ ਹੈ ਜੋ ਇਸ ਦੇ ਸਿਧਾਂਤ ਮੰਨਣ। ਉਨ੍ਹਾਂ ਨੇ ਇਹ ਵੀ ਕਿਹਾ ਕਿ ਇਹ ਪਹਿਲਾਂ ਤੋਂ ਮੌਜੂਦ ਦੋਪੱਖੀ ਜਾਂ ਬਹੁਪੱਖੀ ਸੁਰੱਖਿਆ ਸਮਝੌਤਿਆਂ ਦੀ ਥਾਂ ਨਹੀਂ ਲੈਂਦਾ।

ਇਸ ਬਿਆਨ ਨਾਲ ਵਿਸਥਾਰ ਦੀ ਗੁੰਜਾਇਸ਼ ਬਣਦੀ ਹੈ। ਕਤਰ, ਸੰਯੁਕਤ ਅਰਬ ਅਮੀਰਾਤ, ਮਿਸਰ ਅਤੇ ਜਾਰਡਨ ਮਿਸਾਈਲ ਰੱਖਿਆ, ਸਮੁੰਦਰੀ ਸੁਰੱਖਿਆ ਅਤੇ ਖੁਫੀਆ ਸਾਂਝ ਵਿੱਚ ਦਿਲਚਸਪੀ ਰੱਖ ਸਕਦੇ ਹਨ। ਫਿਰ ਵੀ, ਇਨ੍ਹਾਂ ਵਿੱਚੋਂ ਕਿਸੇ ਨੂੰ ਅਰਜ਼ੀਦਾਤਾ ਵਜੋਂ ਪੁਸ਼ਟੀ ਨਹੀਂ ਮਿਲੀ। ਸੰਭਾਵੀ ਮੈਂਬਰਾਂ ਦੀ ਕੋਈ ਸਰਕਾਰੀ ਸੂਚੀ ਜਾਂ ਸ਼ਾਮਲ ਹੋਣ ਦੀ ਪ੍ਰਕਿਰਿਆ ਵੀ ਜਾਰੀ ਨਹੀਂ ਕੀਤੀ ਗਈ।

ਇਸ ਲਈ ਵੱਡੇ "ਇਸਲਾਮਿਕ ਨਾਟੋ" ਦੀ ਗੱਲ ਅਜੇ ਸੰਭਾਵਨਾ ਹੈ, ਨੀਤੀ ਨਹੀਂ।

ਵਧੇਰੇ ਮੈਂਬਰ ਸਾਂਝੀ ਸਿਖਲਾਈ ਅਤੇ ਸੁਰੱਖਿਆ ਸਹਿਯੋਗ ਨੂੰ ਮਜ਼ਬੂਤ ਕਰ ਸਕਦੇ ਹਨ। ਖੁਫੀਆ ਜਾਣਕਾਰੀ ਦੀ ਸਾਂਝ ਨਾਲ ਮਿਸਾਈਲਾਂ, ਡਰੋਨਾਂ, ਸਰਹੱਦ ਪਾਰ ਹਮਲਿਆਂ ਅਤੇ ਹਥਿਆਰਬੰਦ ਗਰੁੱਪਾਂ ਬਾਰੇ ਪਹਿਲਾਂ ਚੇਤਾਵਨੀ ਮਿਲ ਸਕਦੀ ਹੈ। ਸਾਂਝੀਆਂ ਕਵਾਇਦਾਂ ਨਾਲ ਛੋਟੀਆਂ ਫੌਜਾਂ ਨੂੰ ਪਾਕਿਸਤਾਨ ਅਤੇ ਤੁਰਕੀ ਤੋਂ ਸਿਖਲਾਈ ਮਿਲ ਸਕਦੀ ਹੈ। ਹਵਾਈ ਰੱਖਿਆ ਅਤੇ ਸਮੁੰਦਰੀ ਗਸ਼ਤ ਰਾਹੀਂ ਬੰਦਰਗਾਹਾਂ, ਊਰਜਾ ਢਾਂਚੇ ਅਤੇ ਜਹਾਜ਼ੀ ਰਸਤੇ ਸੁਰੱਖਿਅਤ ਕੀਤੇ ਜਾ ਸਕਦੇ ਹਨ।

ਇਸ ਦੇ ਨਾਲ ਸਿਆਸੀ ਜੋਖ਼ਮ ਵੀ ਹਨ। ਸਾਂਝੀ ਰੱਖਿਆ ਸੰਧੀ ਵਿੱਚ ਸ਼ਾਮਲ ਦੇਸ਼ ਨੂੰ ਅਜਿਹੇ ਸੰਕਟ ਵਿੱਚ ਮਦਦ ਕਰਨੀ ਪੈ ਸਕਦੀ ਹੈ ਜਿਸ ਦੀ ਸ਼ੁਰੂਆਤ ਉਸ ਨੇ ਨਹੀਂ ਕੀਤੀ। ਹਰ ਸਰਕਾਰ ਨੂੰ ਵਾਸ਼ਿੰਗਟਨ, ਬੀਜਿੰਗ, ਤਹਿਰਾਨ, ਇਜ਼ਰਾਈਲ ਅਤੇ ਆਪਣੇ ਗੁਆਂਢੀਆਂ ਨਾਲ ਸਬੰਧਾਂ ਨੂੰ ਧਿਆਨ ਵਿੱਚ ਰੱਖਣਾ ਪਵੇਗਾ।

ਸੀਰੀਆ, ਯਮਨ, ਗਾਜ਼ਾ, ਇਰਾਨ ਅਤੇ ਪੱਛਮੀ ਦੇਸ਼ਾਂ ਨਾਲ ਸਬੰਧਾਂ ਬਾਰੇ ਤਿੰਨਾਂ ਦੀਆਂ ਨੀਤੀਆਂ ਇੱਕੋ ਜਿਹੀਆਂ ਨਹੀਂ ਹਨ। ਤੁਰਕੀ ਦੀ ਨਾਟੋ ਮੈਂਬਰਸ਼ਿਪ ਇਸ ਮਾਮਲੇ ਨੂੰ ਹੋਰ ਪੇਚੀਦਾ ਬਣਾਉਂਦੀ ਹੈ। ਸਾਊਦੀ ਅਰਬ ਦੇ ਵਿਆਪਕ ਖਾੜੀ ਅਤੇ ਅੰਤਰਰਾਸ਼ਟਰੀ ਸਬੰਧ ਹਨ, ਜਦਕਿ ਪਾਕਿਸਤਾਨ ਨੂੰ ਅੰਦਰੂਨੀ ਸਿਆਸੀ ਦਬਾਅ ਅਤੇ ਆਰਥਿਕ ਨਿਰਭਰਤਾ ਦਾ ਸਾਹਮਣਾ ਹੈ।

## ਅਸਲ ਪਰਖ ਲਾਗੂ ਕਰਨ ਦੀ ਹੋਵੇਗੀ

ਦਸਤਖਤ ਕਰਨਾ ਸਭ ਤੋਂ ਸੌਖਾ ਪੜਾਅ ਸੀ। ਸਮਝੌਤੇ ਦੀ ਭਰੋਸੇਯੋਗਤਾ ਅਗਲੇ ਕਦਮਾਂ ਨਾਲ ਤੈਅ ਹੋਵੇਗੀ। ਰਿਪੋਰਟਾਂ ਮੁਤਾਬਕ ਸਾਊਦੀ ਅਰਬ ਵਿੱਚ ਸਕੱਤਰਾਲਾ, ਵਿਦੇਸ਼ ਅਤੇ ਰੱਖਿਆ ਮੰਤਰੀਆਂ ਦੀਆਂ ਨਿਯਮਤ ਬੈਠਕਾਂ ਅਤੇ ਫੌਜੀ ਮੁਖੀਆਂ ਵਿਚਕਾਰ ਸਲਾਹ-ਮਸ਼ਵਰੇ ਦੀ ਵਿਵਸਥਾ ਬਣ ਸਕਦੀ ਹੈ। ਅਰਬੀ ਪਾਠ ਵਿੱਚ ਸਿਖਲਾਈ, ਰਸਦ ਅਤੇ ਖੁਫੀਆ ਸਾਂਝ ਦਾ ਵੀ ਜ਼ਿਕਰ ਹੈ।


ਫਿਰ ਵੀ ਸੰਕਟ ਵੇਲੇ ਫੈਸਲੇ ਕਿਵੇਂ ਹੋਣਗੇ, ਹਰ ਦੇਸ਼ ਕਿੰਨੀ ਫੌਜ ਦੇਵੇਗਾ ਅਤੇ ਹਮਲੇ ਦਾ ਜਵਾਬ ਕਿਸ ਰੂਪ ਵਿੱਚ ਹੋਵੇਗਾ, ਇਹ ਸਪਸ਼ਟ ਨਹੀਂ। "ਰੱਖਿਆ" ਦਾ ਅਰਥ ਕੂਟਨੀਤਿਕ ਸਮਰਥਨ ਤੋਂ ਲੈ ਕੇ ਸਿੱਧੀ ਫੌਜੀ ਕਾਰਵਾਈ ਤੱਕ ਹੋ ਸਕਦਾ ਹੈ। ਸਪਸ਼ਟ ਨਿਯਮਾਂ ਤੋਂ ਬਿਨਾਂ ਤਿੰਨੇ ਦੇਸ਼ ਇੱਕੋ ਵਾਅਦੇ ਦੀ ਵੱਖਰੀ ਵਿਆਖਿਆ ਕਰ ਸਕਦੇ ਹਨ।

ਭਰੋਸੇਯੋਗ ਗਠਜੋੜ ਲਈ ਸਥਾਈ ਕੌਂਸਲ, ਸੁਰੱਖਿਅਤ ਖੁਫੀਆ ਪ੍ਰਣਾਲੀ, ਸਾਂਝੀ ਕਮਾਂਡ, ਨਿਯਮਤ ਫੌਜੀ ਕਵਾਇਦਾਂ ਅਤੇ ਤੈਅਸ਼ੁਦਾ ਫੰਡਿੰਗ ਦੀ ਲੋੜ ਹੋਵੇਗੀ। ਇਸ ਦੇ ਨਾਲ ਇਹ ਵੀ ਦਰਜ ਕਰਨਾ ਪਵੇਗਾ ਕਿ ਹਮਲੇ ਦੀ ਸਥਿਤੀ ਵਿੱਚ ਕਿਹੜੀ ਮਦਦ ਕਿੰਨੇ ਸਮੇਂ ਵਿੱਚ ਮਿਲੇਗੀ।

ਪਹਿਲਾਂ ਦਾ ਸਾਊਦੀ-ਪਾਕਿਸਤਾਨੀ ਰੱਖਿਆ ਸਮਝੌਤਾ ਸਾਵਧਾਨ ਰਹਿਣ ਦਾ ਕਾਰਨ ਦਿੰਦਾ ਹੈ। ਉਸ ਤੋਂ ਬਾਅਦ ਖੇਤਰ ਵਿੱਚ ਹੋਏ ਹਮਲਿਆਂ ਨੇ ਸਿੱਧੀ ਫੌਜੀ ਦਖ਼ਲਅੰਦਾਜ਼ੀ ਨਹੀਂ ਕਰਵਾਈ, ਭਾਵੇਂ ਸਾਂਝੀ ਰੱਖਿਆ ਦੀ ਭਾਸ਼ਾ ਮੌਜੂਦ ਸੀ। ਜੰਗ ਮਹਿੰਗੀ ਹੁੰਦੀ ਹੈ ਅਤੇ ਸਿਆਸੀ ਵਾਅਦੇ ਅਕਸਰ ਆਪਣੀ ਹੱਦ ਤੱਕ ਹੀ ਨਿਭਾਏ ਜਾਂਦੇ ਹਨ।

ਆਉਣ ਵਾਲੇ ਸਮੇਂ ਵਿੱਚ ਪੂਰੀ ਤਰ੍ਹਾਂ ਇਕੱਠੀ ਫੌਜ ਨਾਲੋਂ ਸਿਖਲਾਈ, ਖੁਫੀਆ ਸਹਿਯੋਗ, ਰੱਖਿਆ ਤਕਨਾਲੋਜੀ, ਸਰਹੱਦੀ ਸੁਰੱਖਿਆ ਅਤੇ ਸਾਂਝੀ ਕੂਟਨੀਤੀ ਵਧੇਰੇ ਸੰਭਵ ਹਨ। ਇਹ ਵੀ ਘੱਟ ਪ੍ਰਾਪਤੀ ਨਹੀਂ ਹੋਵੇਗੀ। ਬਿਹਤਰ ਜਾਣਕਾਰੀ, ਸਾਂਝੀ ਯੋਜਨਾ ਅਤੇ ਮਜ਼ਬੂਤ ਹਵਾਈ ਤੇ ਸਮੁੰਦਰੀ ਰੱਖਿਆ ਕਿਸੇ ਵੀ ਹਮਲਾਵਰ ਦੀ ਕੀਮਤ ਵਧਾ ਸਕਦੀ ਹੈ।

ਮੱਕਾ ਸਮਝੌਤੇ ਕੋਲ ਸਿਆਸੀ ਭਾਰ ਅਤੇ ਫੌਜੀ ਸਮਰੱਥਾ ਦੋਵੇਂ ਹਨ, ਇਸ ਲਈ ਹੋਰ ਦੇਸ਼ ਇਸ ਵੱਲ ਖਿੱਚੇ ਜਾ ਸਕਦੇ ਹਨ। ਪਰ ਵਧੇਰੇ ਮੈਂਬਰ ਆਪਣੇ ਆਪ ਵਧੇਰੇ ਸੁਰੱਖਿਆ ਨਹੀਂ ਲਿਆਉਣਗੇ। ਇਸ ਗਠਜੋੜ ਦਾ ਭਵਿੱਖ ਨਾਮ ਨਾਲ ਨਹੀਂ, ਸਗੋਂ ਕਵਾਇਦਾਂ, ਖੁਫੀਆ ਸਾਂਝ, ਕਮਾਂਡ ਪ੍ਰਬੰਧ ਅਤੇ ਸੰਕਟ ਵੇਲੇ ਕੀਤੇ ਫੈਸਲਿਆਂ ਨਾਲ ਮਾਪਿਆ ਜਾਵੇਗਾ। "ਇਸਲਾਮਿਕ ਨਾਟੋ" ਕਹਿਣਾ ਸੌਖਾ ਹੈ, ਉਸ ਨਾਮ ਨੂੰ ਭਰੋਸੇਯੋਗ ਬਣਾਉਣ ਵਾਲੀਆਂ ਸੰਸਥਾਵਾਂ ਬਣਾਉਣਾ ਕਿਤੇ ਔਖਾ ਕੰਮ ਹੈ।










# RE/MAX EXECUTIVE

## ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।

**Kirandeep Kaur**

Realtor ® CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

**Contact : Cell (209) 550-1704**

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED

GHUMAN
LAW GROUP INC.

# Ghuman Law Group

## ਤੁਹਾਡੇ ਲਈ ਲੈ ਕੇ ਆਏ ਨੇ AMERICA ਵਿੱਚ BUSINESS ਕਰਨ ਦਾ ਸੁਨਿਹਰੀ ਮੌਕਾ !

ਜੇਕਰ ਤੁਸੀਂ Canada, England, Australia, New Zealand, Europe ਜਾਂ ਕਿਸੇ ਹੋਰ ਦੇਸ਼ ਦੇ ਨਾਗਰਿਕ ਹੋ

**ਆਓ E-2 Investor Visa ਰਾਹੀਂ**

ਸਿਰਫ $25,000 ਦੀ ਘੱਟੋ-ਘੱਟ Investment
ਜੇ ਹੋਰ ਵੱਧ invest ਕਰਨਾ ਚਾਹੋ, ਉਹ ਵੀ ਸੰਭਵ






**GHUMAN LAW GROUP**
**ਤੁਹਾਡੀ ਕੰਪਨੀ ਸੈੱਟ ਕਰਵਾਉਣ 'ਚ ਪੂਰੀ ਮਦਦ ਕਰੇਗਾ**



ਇਮੀਗਰੇਸ਼ਨ ਸਬੰਧੀ ਸਾਰਾ Paperwork ਅਸੀਂ ਕਰਾਂਗੇ

**ਪਰਿਵਾਰ ਸਮੇਤ ਆਉਣ ਦਾ ਵਧੀਆ ਮੌਕਾ**



- 2 ਸਾਲ ਦਾ Work Permit
- Spouse ਨੂੰ ਮਿਲੇਗਾ Open Work Permit
- ਬੱਚਿਆਂ ਲਈ ਸਕੂਲ ਜਾਣ ਦੀ ਇਜਾਜ਼ਤ
- ਹਰ 2 ਸਾਲ ਬਾਅਦ Work Permit Renew ਕਰਵਾ ਸਕਦੇ ਹੋ

ਜਿੰਨਾ ਚਾਹੋ, ਅਮਰੀਕਾ ਵਿੱਚ ਰਹਿ ਕੇ ਆਪਣਾ ਬਿਜ਼ਨਸ ਚਲਾ ਸਕਦੇ ਹੋ

MON - FRI, 9:00 AM - 3:00 PM

+1 (223) 300-0001 | www.ghumanlawgroup.org

2450 VENTURE OAKS WAY, STE 225 SACRAMENTO, CA


SERVPRO
OF TRACY
Cleaning. Restoration. Construction.
ਅਸੀਂ ਸਾਰੇ ਕੰਮ California ਦੇ Environmental, Restoration Standards ਅਤੇ Insurance Guidlines ਦੀ Compliance ਵਿੱਚ ਕਰਦੇ ਹਾਂ
ਅਸੀਂ Insurance Companies ਦੇ National Account 'ਤੇ ਹਾਂ
ਅੱਗ ਲੱਗਣ, ਪਾਣੀ ਅਤੇ Mold ਨਾਲ ਖ਼ਰਾਬ ਹੋਈ ਇਮਾਰਤ ਅਤੇ ਸਮਾਨ ਦੀ ਸਫ਼ਾਈ ਕਰਦੇ ਹਾਂ | ਨੁਕਸਾਨ ਹੋਈ ਇਮਾਰਤ ਅਤੇ ਸਮਾਨ ਦੀ Insurance ਨੂੰ ਰਿਪੋਰਟ ਕਰਕੇ ਮਾਲਕ ਨੂੰ ਪੈਸੇ ਦਵਾਉਂਦੇ ਹਾਂ
Before
After
• ਪਾਣੀ ਨਾਲ ਨੁਕਸਾਨ ਦੀ ਮੁਰੰਮਤ
• ਕਾਰਪੇਟ ਅਤੇ ਫਰਨੀਚਰ ਸੁਕਾਉਣਾ
• ਛੱਤ ਅਤੇ ਕੰਧਾਂ ਦੀ ਉੱਲੀ (Mold) ਹਟਾਉਣਾ
• Insurance ਕੰਪਨੀ ਨਾਲ ਕਲੇਮ ਦਵਾਉਣ ਵਿੱਚ ਮਦਦ
Before
After
ਅਸੀਂ Mt.House, Tracy, Lathrop, Stockton, Manteca, Ripon, Modesto, Ceres ਅਤੇ Turlock ਤੱਕ ਕੰਮ ਕਰਦੇ ਹਾਂ
2275 N Mac Arthur Dr Tracy, CA 95376
CONTACT FOR MORE INFORMATION
DEEPINDER MAHAL
President
Office (209) 834-0200
Cell (408) 963-7702



ਬਰਜਿੰਦਰ ਕੌਰ ਬਿਸਰਾਓ
99889-01324

# ਅਸਲੀ ਸੇਵਾਦਾਰ

ਦੀਸ਼ਾ ਇੱਕ ਬਹੁਤ ਹੀ ਗਰੀਬ ਜਿਹਾ ਮੁੰਡਾ ਸੀ।ਉਸ ਦਾ ਹੁਲੀਆ ਦੇਖ ਕੇ ਹਰ ਕੋਈ ਉਸ ਨੂੰ ਮੰਗਤਾ ਸਮਝ ਲੈਂਦਾ ਸੀ। ਉਸ ਦੀ ਉਮਰ ਮਸਾਂ ਪੰਦਰਾਂ ਕੁ ਸਾਲ ਦੀ ਹੋਵੇਗੀ।ਉਸ ਦੇ ਮੈਲੇ ਪਾਟੇ ਹੋਏ ਕੱਪੜੇ ਪਾਏ ਹੁੰਦੇ ਸਨ। ਪਿੰਡ ਦੇ ਬਾਹਰਵਾਰ ਇੱਕ ਨਿੱਕੀ ਜਿਹੀ ਸਲਵਾੜ ਦੀ ਛੱਤ ਵਾਲੀ ਕੱਚੀ ਕੋਠੜੀ ਵਿੱਚ ਆਪਣੀ ਮਾਂ ਨਾਲ ਰਹਿੰਦਾ ਸੀ , ਮਾਂ ਟੀ ਬੀ ਦੀ ਬੀਮਾਰੀ ਨਾ਼ਲ ਬਿਮਾਰ, ਮਰਨ ਕਿਨਾਰੇ ਪਈ ਸੀ।ਸਾਰਾ ਦਿਨ ਕੋਠੜੀ ਦੇ ਅੰਦਰ ਟੁੱਟੀ ਹੋਈ ਵਾਣ ਵਾਲੀ ਮੰਜੀ ਤੇ ਮੈਲਾ ਗਦੈਲਾ ਵਿਛਾ ਕੇ ਉਸ ਉੱਤੇ ਪਈ ਰਹਿੰਦੀ। ਦੀਸ਼ਾ ਹਰ ਰੋਜ਼ ਇੱਕ ਡੱਬਾ ਹੱਥ ਵਿੱਚ ਫੜ ਕੇ ਸਵੇਰੇ ਸ਼ਾਮ ਗੁਰਦੁਆਰੇ ਜਾਂਦਾ ਹੁੰਦਾ ਸੀ। ਉਹ ਗੁਰਦੁਆਰੇ ਆਪ ਦੋ ਟਾਈਮ ਲੰਗਰ ਛਕ ਕੇ ਮਾਂ ਲਈ ਪੁਰਾਣੀ ਜਿਹੀ ਡੱਬੀ ਵਿੱਚ ਪਵਾ ਲਿਆਉਂਦਾ। ਗੁਰਦੁਆਰੇ ਸੇਵਾਦਾਰਾਂ ਨੇ ਵੀ ਉਸ ਨੂੰ ਕਦੇ ਮਨ੍ਹਾਂ ਨਹੀਂ ਕੀਤਾ ਸੀ। ਦੋ ਸਾਲ ਇਸੇ ਰੁਟੀਨ ਨਾਲ ਨਿਕਲ ਗਏ ਸਨ। ਦੀਸ਼ੇ ਦਾ ਸਾਰਾ ਦਿਨ ਦਾ ਕੰਮ ਬਸ ਦੋ ਟਾਈਮ ਗੁਰਦੁਆਰੇ ਲੰਗਰ ਛਕ ਕੇ ਮਾਂ ਲਈ ਲੰਗਰ ਲੈ ਕੇ ਆਉਣਾ, ਮਾਂ ਨੂੰ ਕਦੇ ਪਾਣੀ ਪੀਣ ਨੂੰ ਦੇ ਦੇਣਾ ,ਕਦੇ ਓਹਦਾ ਮੰਜਾ ਬਾਹਰ ਡੇਕ ਥੱਲੇ ਡਾਹ ਦੇਣਾ, ਕਦੇ ਘੜੀਸ ਕੇ ਅੰਦਰ ਕਰ ਦੇਣਾ। ਅਸਲ ਵਿੱਚ ਪਿਛਲੇ ਦੋ ਸਾਲ ਤੋਂ ਹੀ ਇਹਨਾਂ ਦੇ ਇਹ ਹਾਲਾਤ ਹੋਏ ਸਨ ,ਇਸ ਤੋਂ ਪਹਿਲਾਂ ਦੀਸ਼ੇ ਦੀ ਮਾਂ ਲੋਕਾਂ ਦੇ ਘਰਾਂ ਵਿੱਚ ਕੰਮ ਕਰਨ ਜਾਂਦੀ ਹੁੰਦੀ ਸੀ। ਦੀਸ਼ਾ ਵੀ ਸਕੂਲ ਸੱਤਵੀਂ ਜਮਾਤ ਵਿੱਚ ਪੜ੍ਹਨ ਜਾਂਦਾ ਹੁੰਦਾ ਸੀ। ਜਦੋਂ ਤੋਂ ਮਾਂ ਨੂੰ ਟੀ ਬੀ ਹੋਈ ਸੀ, ਸਾਰਿਆਂ ਨੇ ਉਸ ਨੂੰ ਕੰਮ ਤੋਂ ਜਵਾਬ ਦੇ ਦਿੱਤਾ ਸੀ ਤੇ ਡਰਦੇ ਦੀਸ਼ੇ ਨੂੰ ਵੀ ਕੋਈ ਲਵੇ ਨਹੀਂ ਸੀ ਲੱਗਣ ਦਿੰਦਾ।ਦੀਸੇ ਦਾ ਪਿਓ ਨਸ਼ੇੜੀ ਹੋਣ ਕਰਕੇ ਛੋਟੀ ਉਮਰੇ ਹੀ ਦੁਨੀਆ ਨੂੰ ਅਲਵਿਦਾ ਕਹਿ ਗਿਆ ਸੀ। ਪਿੰਡ ਦੀ ਮੁੰਡੀਹਰ ਦੁਆਰਾ ਟੀ ਬੀ ਦੇ ਡਰੋਂ ਉਸ ਨੂੰ ਨੇੜੇ ਨਾ ਲਾਉਣ ਦਾ ਇੱਕ ਫਾਇਦਾ ਤਾਂ ਹੋ ਗਿਆ ਸੀ ਕਿ ਉਸ ਨੂੰ ਪਿੰਡ ਦੇ ਬਾਕੀ ਮੁੰਡਿਆਂ ਵਾਂਗ ਨਸ਼ੇ ਦੀ ਆਦਤ ਨਹੀਂ ਪਈ ਸੀ। ਇੱਕ ਰਾਤ ਮਾਂ ਬਾਹ਼ਲੀ ਔਖੀ ਹੋ ਗਈ।ਸਾਰੀ ਰਾਤ ਤੜਫ਼ਦੀ ਰਹੀ, ਦੀਸ਼ਾ ਉਸ ਨੂੰ ਕਦੇ ਪਾਣੀ ਪੀਣ ਨੂੰ ਦੇਵੇ ਕਦੇ ਉਸ ਦੀਆਂ ਲੱਤਾਂ ਘੁੱਟਦਾ। ਤੜਕਸਾਰ ਮਾਂ ਨੇ ਉਸ ਦੇ ਹੱਥਾਂ ਵਿੱਚ ਦਮ ਤੋੜ ਦਿੱਤਾ। ਉਸ ਨੇ ਗੁਰਦੁਆਰੇ ਦੇ ਸੇਵਾਦਾਰਾਂ ਨੂੰ ਦੱਸ ਕੇ ਉਨ੍ਹਾਂ ਦੀ ਮਦਦ ਨਾਲ ਸਸਕਾਰ ਕੀਤਾ। ਉਸ ਤੋਂ ਬਾਅਦ ਉਸ ਨੇ ਮੁੜ ਕਦੇ ਪਿੰਡ ਵੱਲ ਨੂੰ ਮੂੰਹ ਨਾ ਕੀਤਾ,ਆਖ਼ਰ ਉੱਥੇ ਹੈ ਹੀ ਕੀ ਸੀ।ਉਹ ਗੁਰਦੁਆਰੇ ਲੰਗਰ ਪਾਣੀ ਦੀ ਸੇਵਾ ਕਰਦਾ ਰਹਿੰਦਾ ਤੇ ਰਾਤ ਨੂੰ ਉੱਥੇ ਹੀ ਸੌਂ ਜਾਂਦਾ। ਇੱਕ ਸੇਵਾਦਾਰ ਹਾਕਮ ਸਿੰਘ ਨੂੰ ਉਸ ਤੇ ਤਰਸ ਆਇਆ ਤੇ ਆਖਿਆ,"ਓਏ ਦੀਸ਼ਿਆ! ਤੂੰ ਮੇਰੇ ਨਾਲ ਮੇਰੇ ਪਿੰਡ ਚੱਲੇਂਗਾ?ਐਥੇ ਕਿਹੜਾ ਤੂੰ ਸੇਵਾ ਕਰ ਕਰ ਕੇ ਭਾਈ ਜੀ ਬਣ ਜਾਣਾ?" "ਜੀ ਕੀ ਕਰਨਾ ਮੈਂ ਓਥੇ?" ਦੀਸ਼ੇ ਨੇ ਪੁੱਛਿਆ। "ਇਹੀ ਮਾੜੇ ਮੋਟੇ ਘਰ ਦੇ ਕੰਮ,ਕਿਤੇ ਜਾਣਾ ਹੁੰਦਾ ਘਰ ਸੰਭਾਲ ਲੈਂਦਾ ਮਗਰੋਂ।" ਦੀਸੇ ਨੇ ਹਾਂ ਕਰ ਦਿੱਤੀ।ਉਹ ਤਾਂ ਪਹਿਲਾਂ ਹੀ ਵਕਤ ਦਾ ਮਾਰਿਆ ਹੋਇਆ ਸੀ।

ਹਾਕਮ ਸਿੰਘ ਦੇ ਘਰ ਰਹਿੰਦਿਆਂ ਚਾਰ ਵਰ੍ਹੇ ਲੰਘ ਗਏ। ਹਾਕਮ ਸਿੰਘ ਨੇ ਆਪਣੀ ਔਲਾਦ ਤੇ ਦੀਸ਼ੇ ਵਿੱਚ ਕਦੇ ਕੋਈ ਫ਼ਰਕ ਨਾ ਰੱਖਿਆ। ਹੁਣ ਦੀਸ਼ਾ ਜਵਾਨ ਹੋ ਗਿਆ ਸੀ। ਸੋਹਣਾ ਖਾਣਾ , ਸਾਫ਼ ਸੁਥਰਾ ਪਹਿਨਣਾ,ਘਰ ਦੇ ਸਾਰੇ ਕੰਮ ਨੱਠ ਨੱਠ ਕੇ ਆਪ ਮੂਹਰੇ ਹੋ ਕੇ ਕਰਨੇ,ਹਾਕਮ ਸਿੰਘ ਨੂੰ ਤਾਂ ਦੀਸੇ ਦੇ ਸਿਰ ਤੇ ਕੋਈ ਫ਼ਿਕਰ ਨਹੀਂ ਸੀ। ਹਾਕਮ ਸਿੰਘ ਨੇ ਘਰ ਵਿੱਚ ਹੀ ਇੱਕ ਪਾਸੇ ਉਸ ਨੂੰ ਬਹੁਤ ਵਧੀਆ ਕਮਰਾ ਰਹਿਣ ਲਈ ਦਿੱਤਾ ਹੋਇਆ ਸੀ।ਹਾਕਮ ਸਿੰਘ ਦੇ ਬੱਚੇ ਵੀ ਵਿਆਹੇ ਗਏ।ਮੁੰਡਾ ਵਹੁਟੀ ਪੱਕੇ ਤੌਰ ਤੇ ਵਿਦੇਸ਼ ਰਹਿੰਦੇ ਸਨ।ਕੁੜੀ ਵੀ ਆਪਣੇ ਪਰਿਵਾਰ ਵਿੱਚ ਖੁਸ਼ ਸੀ ਕਦੇ ਕਦਾਈਂ ਗੇੜਾ ਮਾਰਦੀ ਸੀ। ਪਿੰਡ ਦੇ ਹੀ ਇੱਕ ਗਰੀਬ ਘਰ ਦੀ ਕੁੜੀ ਦੇ ਮਾਪਿਆਂ ਨਾਲ ਗੱਲ ਕਰਕੇ ਹਾਕਮ ਸਿੰਘ ਨੇ ਦੀਸ਼ੇ ਦਾ ਵਿਆਹ ਕਰ ਦਿੱਤਾ। ਸਾਰੇ ਪਿੰਡ ਵਿੱਚ ਹਾਕਮ ਸਿੰਘ ਦੀ ਵਾਹ ਵਾਹ ਹੋ ਰਹੀ ਸੀ ਕਿ ਕਿਵੇਂ ਇੱਕ ਲਾਵਾਰਸ ਬੱਚੇ ਦੀ ਉਸ ਨੇ ਜ਼ਿੰਦਗੀ ਬਣਾ ਦਿੱਤੀ ਸੀ। ਇੱਕ ਦਿਨ ਲੰਘੇ ਜਾਂਦੇ ਨੂੰ ਬੋਹੜ ਹੇਠ ਬੈਠੇ ਬਜ਼ੁਰਗਾਂ ਨੇ ਹਾਕਮ ਸਿੰਘ ਨੂੰ ਹਾਕ ਮਾਰ ਕੇ ਕੋ਼ਲ ਬਿਠਾ ਲਿਆ ਤੇ ਸਭ ਤੋਂ ਸਿਆਣੇ ਬਾਬੇ ਨੇ ਥਾਪੀ ਦਿੰਦਿਆਂ ਆਖਿਆ," ਸ਼ਾਬਾਸ਼ੇ ਬੱਲਿਆ! ਆਹ ਜੇਹੜਾ ਤੂੰ ਇੱਕ ਰੁ਼ਲਦੇ ਫਿਰਦੇ ਜਵਾਕ ਦਾ ਘਰ ਵਸਾਤਾ........ਬਈ ਏਹਦੇ ਨਾਲ ਦੀ ਰੀਸ ਨੀ ਕੋਈ..........ਪੁੱਤ ਆਪਣੇ ਕਾਰਜ ਤਾਂ ਹਰ ਕੋਈ ਕਰੀ ਜਾਂਦਾ.........ਦੂਜਿਆਂ ਲਈ ਕੋਈ ਕੁਛ ਕਰੇ ਤਾਂ ਉਸੇ ਦਾ ਦੁਨੀਆਂ ਤੇ ਆਉਣਾ ਸਫਲ ਹੈ...... ਹਾਕਮ ਸਿਓਂ, ਤੂੰ ਤਾਂ ਰੱਬ ਦਾ ਅਸਲੀ ਸੇਵਾਦਾਰ ਐਂ।"




ਰੋਜ਼ਮਾਰਰਾ ਦੀ ਜ਼ਰੂਰਤ ਦਾ ਹਰ ਸਾਮਾਨ ਮਿਲੇਗਾ ਇਕ ਹੀ ਜਗਾਹ ਤੇ
Indian & Fijian
Grocery Store
HOURS
10a.m - 8p.m
(209) 486-8233
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ,ਪਾਕਿਸਤਾਨੀ ਤੇ ਫਿਜੀਆਨਾ ਗਰੋਸਰੀ
NOW OPEN
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਹਰ ਤਰ੍ਹਾਂ ਦੇ ਸਜਾਵਟ ਦਾ ਸਮਾਨ |
Ria
Money Transfer
INDIA ਪੈਸੇ ਭੇਜਣ ਲਈ RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Address : 2015 Yosemite Blvd. Modesto CA
Website : www.indianfijianstore.wixsite.com/my-site-1
@indianfijiangrocery
ਸਾਡੇ ਦੂਜੇ ਸਟੋਰ ਦਾ ਪਤਾ
NAV INDIAN MERCHANDISE GROCERY STORE
3230 MITCHELL ROAD, STE, C, CERES, CA 95307





ਕਈ ਵੀਰਾਂ ਦੇ
**LICENSE CANCEL**
ਹੋ ਰਹੇ ਹਨ ਤੇ ਹੁਣ
ਉਹ ਆਪਣਾ ਟਰੱਕ ਵੀ ਨਹੀਂ
ਚਲਾ ਸਕਦੇ।

## ਕਿਉਂਕਿ DMV ਕਈ ਲੋਕਾਂ ਦੇ CDL License Cancel ਕਰ ਰਿਹਾ

ਖਾਸ ਕਰਕੇ ਉਹਨਾਂ ਦੇ ਜਿਨ੍ਹਾਂ ਕੋਲ


**Green Card ਨਹੀਂ ਹੈ | I-485 Application ਅਜੇ Pending ਹੈ।**

# Ghuman Law Group ਤੁਹਾਡੇ ਨਾਲ ਹੈ

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ :



Green Card Case ਨੂੰ ਜਲਦੀ ਹੱਲ ਕਰਨ ਵਿੱਚ



CDL ਅਤੇ ਕੰਮ ਨੂੰ ਬਚਾਉਣ ਲਈ Legal Guidance



Deportation ਜਾਂ Immigration Detention Cases ਵਿੱਚ Legal Advice



Appeals ਅਤੇ Immigration Process ਵਿੱਚ ਸਹਾਇਤਾ



Estate Planning ਰਾਹੀਂ Property ਅਤੇ Assets ਨੂੰ safe ਕਰਨ ਵਿੱਚ ਮਦਦ



ਤੁਹਾਡੇ ਪਰਿਵਾਰ ਦੇ ਭਵਿੱਖ ਨੂੰ Secure ਬਣਾਉਣ ਵਿੱਚ ਸਹਾਇਤਾ

GHUMAN LAW GROUP
GHUMAN LAW GROUP INC.
Criminal Defense, Family and Immigration Law

Deportation ਜਾਂ Immigration Process ਦੇ ਦੌਰਾਨ ਘਰ, ਨੌਕਰੀ, ਜਾਇਦਾਦ ਤੇ ਮਿਹਨਤ ਦੀ ਕਮਾਈ ਤਕ ਖਤਰੇ ਵਿੱਚ ਪੈ ਸਕਦੇ ਹਨ

**ਹੁਣੇ ਸੰਪਰਕ ਕਰੋ : (228) 200-0001 (ਮੁਫ਼ਤ ਸਲਾਹ ਵੀ ਉਪਲਬਧ ਹੈ)**

Ghuman Law Group ਤੁਹਾਡੇ ਹੱਕਾਂ ਦੀ ਮਜ਼ਬੂਤ ਆਵਾਜ਼ | ਤੁਹਾਡਾ Legal Partner


SUNSHINE AUTO CARE INC
WE REPAIR ALL"
AUTO • DIESEL TRUCKS • TRAILERS
All Makes & Models
FULL SERVICE AUTO & DIESEL REPAIR
Engine Diagnostics
Brake Service
Engine Diagnostics
Brake Service
Suspension & Steering
Diesel Truck Repair
Trailer Repair
Reliable • Professional • Fast Service
1003 MOFFAT BLVD.• MANTECA, CA 95336
209-239-1551

# ਵਧਾ

ਭਾਵੇਂ ਇੱਕ ਜਾਂ ਅੱਧ ਵਧਾ
ਆਪਣੇ ਵੱਲ ਤੇ ਸੱਦ ਵਧਾ

ਤੂੰ ਜੇ ਗੱਲ ਵਧਾਉਣੀ ਤੇ
ਕਰਕੇ ਮੇਰੀ ਰੱਦ ਵਧਾ

ਉਹਨੀ ਗਲ ਮੈਂ ਕੀਤੀ ਨਹੀਂ
ਜਿਹਨੀਂ ਲਈ ਤੂੰ ਵੱਧ ਵਧਾ

ਨੇਕਾਂ ਲੋਕਾਂ ਦੇ ਹੁੰਦਿਆਂ
ਕਿਸ ਨੇ ਦਿੱਤੇ ਬਦ ਵਧਾ

ਇਹ ਤੇ ਕਾਕਾ ਤੇਰੀ ਏ
ਮੇਰੇ ਲਈ ਤੂੰ ਹੱਦ ਵਧਾ

ਮੈਨੂੰ ਨਿੱਕਿਆ ਕਰਨਾ ਜੇ
ਪਹਿਲੇ ਆਪਣਾ ਕੱਦ ਵਧਾ

ਅਫ਼ਜ਼ਲ ਰਹਿਣਾ ਅਫ਼ਜ਼ਲ ਏ
ਭਾਵੇਂ ਸ਼ੱਦ ਜਾਂ ਮੱਦ ਵਧਾ

**ਨਦੀਮ ਅਫ਼ਜ਼ਲ**

# ਬੰਦੇ ਖਾਣੀਆਂ "ਤੋਪਾਂ"

ਦੋ ਟੋਟੇ ਸੀ ਹਿੰਦ ਦੇ ਜਿੰਨ੍ਹਾਂ ਕੀਤੇ,
ਉਹ ਢੱਕ 'ਲੇ ਗੋਰਾਂ ਨਿਮਾਣੀਆਂ ਨੇ।
ਭਾਈ ਭਾਈਆਂ ਦੇ ਵੈਰੀ ਬਣਾ ਦਿੱਤੇ,
ਮੂੰਹ ਮੋੜੇ ਨਾ ਤੋਪਾਂ ਬੰਦੇ ਖਾਣੀਆਂ ਨੇ।

ਅਜੇ ਤੱਕ ਨਾ ਤੰਦ ਉਹ ਹੋਏ ਪੂਰੇ,
ਉੱਲਝੀਆਂ ਅੱਜ ਵੀ 'ਪੱਤੋ' ਤਾਣੀਆਂ ਨੇ।
ਦੋਵੇ ਪਾਸੀ ਹੰਝੂ ਕਿਰਨ ਅੱਜ ਵੀ,
ਸਬਰ ਕੀਤੇ ਵਗਦੇ ਪਾਣੀਆਂ ਨੇ।



SANJHI SOCH
**ਹਰਪ੍ਰੀਤ ਪੱਤੋ**
ਪਿੰਡ ਪੱਤੋ ਹੀਰਾ ਸਿੰਘ
ਮੋਗਾ
94658-21417

LARRY T. NIERMEYER
Attorney at Law

OFFERING SERVICES IN THE FOLLOWING AREAS
1. Divorce/Family law
2. Restraining Orders
3. Criminal Matters
4. Driving Under Influence (DUI)
5. Work Injury/Car Injury
6. Defamation Cases
7. Personal Injury
8. Wrongful Death
9. Civil Litigation


PHONE: (209) 574-9447
1420 F STREET ST_ 2ND FLOOR MODESTO, CA 95354
Email : ltniermeyer@aol.com


ATWAL
IMMIGRATION SERVICES
ATWAL
TAX & IMMIGRATION
— SERVICES —
FAMILY PETITIONS
NATURALIZATION (US CITIZENSHIP)
GREEN CARD RENEW
WORK PERMIT RENEW
AFFIDAVIT OF SUPPORT
INDIAN AND US PASSPORT RENEW
INDIAN VISA
OCI
E-VISA
INDIAN PASSPORT SURRENDER
ਦੇਰ ਨਾ ਕਰੋ, ਹੁਣੇ ਮਿਲੋ TAX ਅਤੇ ਹੋਰ ਵਧੇਰੀਆਂ
IMMIGRATION SERVICES ਲਈ
TONY
ATWAL
ਵਧੇਰੇ ਜਾਣਕਾਰੀ ਤੁਸੀਂ ਲੈ ਸਕਦੇ ਹੋ
iservice1416@gmail.com
ਜਾਂ ਫ਼ਿਰ ਸਾਡੀ WEBSITE
www.atwaltaximmigrationservices.com
ADDRESS 1
119 N Maple Ave, Ste B,Manteca, CA,95336 Manteca
(209) 505-6384
ADDRESS 2
2800 Mitchell Rd,Ste.W,Ceres ,CA 95307, Ceres
(209) 568-9682

ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

# SMARTWAY EXPRESS INC.



Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ

**Paul Sahota**

ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ
ਤਜ਼ਰਬਾ ਘੱਟੋ-ਘੱਟ 1 ਸਾਲ
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ
ਫੋਨ : (559) 653-8130, 774-243-4154

SmartWay Express 3545 Date Avenue Fresno, CA 93725
ਈ-ਮੇਲ: newtrucks@smartwayexp.com

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ




e-Baba Entertainment App ਨੂੰ Download ਕਰੋ।

ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# ਪਾਕਿਸਤਾਨ 'ਚ ਮੌਜਾਂ ਹੀ ਮੌਜਾਂ ਜਿੱਧਰ ਦੇਖੋ ਫੌਜਾਂ ਹੀ ਫੌਜਾਂ

ਪਾਕਿਸਤਾਨ ਦੇ ਵਜ਼ੀਰੇ ਦਾਖਲਾ ਮੌਹਸਨ ਨਕਵੀ ਦੇ ਹਾਲੀਆ ਬਿਆਨਾਂ ਨੇ ਪਾਕਿਸਤਾਨ ਦੀ ਸਿਆਸਤ ਵਿੱਚ ਨਵੀਂ ਚਰਚਾ ਛੇੜ ਦਿੱਤੀ ਹੈ ਮੌਹਸਨ ਨਕਵੀ ਜੋ ਫੀਲਡ ਮਾਰਸ਼ਲ ਆਸਿਮ ਮੁਨੀਰ ਦੇ ਕਰੀਬੀ ਮੰਨੇ ਜਾਂਦੇ ਹਨ ਅਤੇ ਬੜੀ ਛੋਟੀ ਉਮਰ ਵਿੱਚ ਹੀ ਉਹਨਾਂ ਨੂੰ ਇੰਟੀਰੀਅਰ ਮਨਿਸਟਰੀ ਮਿਲ ਗਈ ਹੈ। ਉਹਨਾਂ ਇੱਕ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪਾਕਿਸਤਾਨ ਦਾ ਸਿਸਟਮ ਕੋਲੈਪਸ ਜਾਨੀ ਕਿ ਜ਼ਰਜ਼ਰ ਹੋ ਗਿਆ ਹੈ ਅਤੇ ਪਾਕਿਸਤਾਨ ਦੇ ਲੋਕਾਂ ਨੂੰ ਸੁਵਿਧਾਵਾਂ ਦੇਣ ਅਤੇ ਨੌਜਵਾਨਾਂ ਦੀਆਂ ਇੱਛਾਵਾਂ ਪੂਰੀਆਂ ਕਰਨ ਵਿੱਚ ਨਾ-ਕਾਮਯਾਬ ਹੈ। ਉਹਨਾਂ ਕਿਹਾ ਕਿ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ ਬੜੀ ਮਿਹਨਤ ਨਾਲ ਕੰਮ ਕਰਦੇ ਹਨ ਪਰ ਜੇ ਉਹ 18-18 ਘੰਟੇ ਵੀ ਕੰਮ ਕਰਨ ਤਾਂ ਵੀ ਪਾਕਿਸਤਾਨ ਦਾ ਕੁਝ ਨਹੀਂ ਸਵਾਰ ਸਕਦੇ। ਇਸ ਬਿਆਨ ਨਾਲ ਉਹਨਾਂ ਨੇ ਪਾਕਿਸਤਾਨ ਵਿੱਚ ਪ੍ਰਸ਼ਾਸਕੀ ਰੱਦੋ ਬਦਲ ਵੱਲ ਇਸ਼ਾਰਾ ਕੀਤਾ ਅਤੇ ਇਹ ਵੀ ਕਿਹਾ ਕਿ ਪਾਕਿਸਤਾਨ ਦੇ ਚਾਰ ਸੂਬਿਆਂ ਨੂੰ ਵੰਡ ਕੇ ਹੋਰ ਪ੍ਰਬੰਧਕੀ ਬਲਾਕ ਜਿਨਾਂ ਨੂੰ ਸੂਬੇ ਜਾਂ ਕੁਝ ਹੋਰ ਨਾਮ ਦਿਓ ਬਣਾਉਣ ਦੀ ਲੋੜ ਹੈ ਤਾਂ ਜੋ ਤਾਕਤ ਹੇਠਲੇ ਪੱਧਰ ਤੱਕ ਲੋਕਾਂ ਤੱਕ ਪਹੁੰਚ ਸਕੇ। ਉਹਨਾਂ ਨੇ ਆਪਣੇ ਬਿਆਨਾਂ ਵਿੱਚ ਪਾਕਿਸਤਾਨੀ ਇਸਟੈਬਲਿਸ਼ਮੈਂਟ ਯਾਨੀ ਕਿ ਫੌਜ ਦੇ ਵਡੇਰੇ ਰੋਲ ਦਾ ਵੀ ਜ਼ਿਕਰ ਕੀਤਾ।

ਇਸ ਕਾਨਫਰੰਸ ਤੋਂ ਬਾਅਦ ਜਦੋਂ ਪਾਕਿਸਤਾਨੀ ਫੌਜ ਦੇ ਬੁਲਾਰੇ ਡੀਜੀਆਈਐਸਪੀਆਰ ਅਹਿਮਦ ਸ਼ਰੀਫ ਚੌਧਰੀ ਨੂੰ ਨਕਵੀ ਦੇ ਇਹਨਾਂ ਬਿਆਨਾਂ ਬਾਰੇ ਸਵਾਲ ਕੀਤੇ ਗਏ ਤਾਂ ਉਹਨਾਂ ਨੇ ਸਧਾਰਨ ਰੂਪ ਵਿੱਚ ਤਾਂ ਕਿਹਾ ਕਿ ਉਹ ਸਿਆਸੀ ਬਿਆਨਾਂ ਉੱਤੇ ਕੋਈ ਟਿੱਪਣੀ ਨਹੀਂ ਕਰਨਾ ਚਾਹੁੰਦੇ ਪਰ ਫਿਰ ਉਹਨਾਂ ਨਕਵੀ ਵੱਲੋਂ ਜਤਾਏ ਗਏ ਸਾਰੇ ਹੀ ਵਿਚਾਰਾਂ ਦੀ ਪਰੋੜਤਾ ਕੀਤੀ ਅਤੇ ਸਿਆਸੀ ਲੀਡਰਸ਼ਿਪ ਨੂੰ ਤਨਕੀਦ ਕੀਤੀ।

ਉਹਨਾਂ ਕਿਹਾ ਕਿ ਪਾਕਿਸਤਾਨ ਦੀ ਸੁਰੱਖਿਆ ਨੂੰ ਉਦੋਂ ਤੱਕ ਯਕੀਨੀ ਨਹੀਂ ਬਣਾਇਆ ਜਾ ਸਕਦਾ ਜਿੰਨਾ ਚਿਰ ਐਡਮਿਨਿਸਟ੍ਰੇਸ਼ਨ ਆਪਣਾ ਕਾਰਜਭਾਰ ਚੰਗੀ ਤਰ੍ਹਾਂ ਨਹੀਂ ਸੰਭਾਲਦੀ। ਉਹਨਾਂ ਨੇ ਐਡਮਿਨਿਸਟਰੇਸ਼ਨ ਅਤੇ ਸਿਕਿਉਰਟੀ ਇਸਟੈਬਲਿਸ਼ਮੈਂਟ ਨੂੰ ਜੋੜ ਕੇ ਦੇਖਿਆ ਜਿੱਥੋਂ ਇਹ ਸਪਸ਼ਟ ਇਸ਼ਾਰਾ ਮਿਲ ਗਿਆ ਕਿ ਪਾਕਿਸਤਾਨ ਦੀ ਮਿਲਟਰੀ ਇਸਟੈਬਲਿਸ਼ਮੈਂਟ ਜਿਹਦੇ ਮੁਖੀ ਅੱਜ ਦੇ ਫੀਲਡ ਮਾਰਸ਼ਲ ਆਸਿਮ ਮੁਨੀਰ ਹਨ, ਉਹ ਹੁਣ ਆਪਣੀ ਤਾਕਤ ਨੂੰ ਹੋਰ ਵਧਾਉਣਾ ਚਾਹੁੰਦੇ ਹਨ ਅਤੇ ਇਹ ਵੀ ਹੋ ਸਕਦਾ ਹੈ ਕਿ ਉਹ ਮਿਲਟਰੀ ਦੇ ਨਾਲ ਨਾਲ ਸਿਆਸੀ ਅਗਵਾਈ ਵੀ ਖੁਦ ਸੰਭਾਲ ਲੈਣ, ਜਿਸ ਨੂੰ ਇੱਕ ਤਰ੍ਹਾਂ ਦਾ ਤਖਤਾ ਪਲਟ ਹੀ ਮੰਨਿਆ ਜਾ ਸਕਦਾ ਹੈ। ਪਾਕਿਸਤਾਨੀ ਇਸਟੈਬਲਿਸ਼ਮੈਂਟ ਦੇ ਨਾਲ ਜੁੜੇ ਵੱਖ-ਵੱਖ ਮੀਡੀਆ ਅਦਾਰੇ ਅਤੇ ਹੋਰ ਬੁਲਾਰੇ ਵੀ ਇਸ ਬਿਆਨ ਤੋਂ ਬਾਅਦ ਤੁਰੰਤ ਐਕਟਿਵ ਹੋ ਗਏ ਹਨ ਤੇ ਉਹਨਾਂ ਨੇ ਸਿਆਸੀ ਪਾਰਟੀਆਂ ਖਿਲਾਫ ਆਪੋ ਆਪਣੇ ਵਿਚਾਰ ਦੇਣੇ ਸ਼ੁਰੂ ਕਰ ਦਿੱਤੇ ਹਨ। ਜਿੱਥੋਂ ਲੱਗਦਾ ਹੈ ਕਿ ਆਸਿਮ ਮੁਨੀਰ ਸਾਬ੍ਹ ਹੁਣ ਰਾਵਲਪਿੰਡੀ ਤੋਂ ਇਸਲਾਮਾਬਾਦ ਤੱਕ ਦਾ ਫਾਸਲਾ ਤੈਅ ਕਰਨ ਦਾ ਮਨ ਬਣਾ ਚੁੱਕੇ ਹਨ।




ਪਾਕਿਸਤਾਨ ਵਿੱਚ ਇਹ ਪਹਿਲੀ ਵਾਰ ਨਹੀਂ ਹੋ ਰਿਹਾ ਕਿ ਕਿਸੇ ਫੌਜੀ ਜਰਨੈਲ ਨੇ ਸੱਤਾ ਆਪਣੇ ਹੱਥਾਂ ਵਿੱਚ ਲਈ ਹੋਵੇ, ਪਰ ਅੱਜ ਜੋ ਖਿੱਤੇ ਦੇ ਹਾਲਾਤ ਬਣੇ ਹੋਏ ਹਨ ਉਹਨਾਂ ਦੇ ਮੱਦੇ ਨਜ਼ਰ ਆਸਿਮ ਮੁਨੀਰ ਦਾ ਇਸ ਤਰ੍ਹਾਂ ਸੱਤਾ ਹਥਿਆਉਣ ਵੱਲ ਵਧਣਾ ਬੜੇ ਮਾਇਨੇ ਰੱਖਦਾ ਹੈ। ਇੱਕ ਪਾਸੇ ਅਮਰੀਕਾ ਇਰਾਨ ਨਾਲ ਯੁੱਧ ਵਿੱਚ ਉਲਝਿਆ ਹੋਇਆ ਹੈ ਜਿਸ ਵਿੱਚ ਪਾਕਿਸਤਾਨ ਅਮਰੀਕਾ ਨੂੰ ਫਾਇਦੇ ਪਹੁੰਚਾ ਕੇ ਆਪਣਾ ਰਾਹ ਮੋਕਲਾ ਕਰਨਾ ਚਾਹੁੰਦਾ ਹੈ।

ਜਿਸ ਤੋਂ ਸਾਫ ਹੈ ਕਿ ਵਕਤ ਦੀ ਵਗਦੀ ਗੰਗਾ ਵਿੱਚ ਹੁਣ ਆਸਿਮ ਮੁਨੀਰ ਵੀ ਹੱਥ ਧੋਣਾ ਚਾਹੁੰਦੇ ਹਨ, ਹਾਲਾਂਕਿ ਪਾਕਿਸਤਾਨ ਦੀ ਮਿਲਟਰੀ ਪਹਿਲਾਂ ਹੀ ਸਿਆਸਤ ਨੂੰ ਕੰਟਰੋਲ ਕਰਦੀ ਹੈ ਅਤੇ ਆਪਣੀ ਮਰਜ਼ੀ ਦੀਆਂ ਪਾਰਟੀਆਂ ਨੂੰ ਜਿਤਾਉਣਾ ਹਰਾਉਣਾ ਅਤੇ ਸਰਕਾਰਾਂ ਬਣਵਾਉਣੀਆਂ ਇੱਕ ਆਮ ਗੱਲ ਹੈ, ਪਰ ਹੁਣ ਪ੍ਰਸ਼ਾਸਨ ਫੇਰ ਬਦਲ ਦੇ ਨਾਮ 'ਤੇ ਆਸਿਮ ਮੁਨੀਰ ਕੀ ਕਰਨਾ ਚਾਹੁੰਦੇ ਹਨ ਇਹ ਭਵਿੱਖ ਦੇ ਵਿੱਚ ਵੇਖਣ ਵਾਲੀ ਗੱਲ ਹੋਵੇਗੀ। ਕੀ ਉਹ ਆਪਣੇ ਤੋਂ ਪਹਿਲੇ ਫੌਜੀ ਤਾਨਾਸ਼ਾਹਾਂ ਜਨਰਲ ਅਯੂਬ ਖਾਨ, ਜਨਰਲ ਜ਼ੀਆ ਉਲ ਹੱਕ ਅਤੇ ਜਨਰਲ ਪ੍ਰਵੇਸ਼ ਮੁਸ਼ਰਫ ਵਾਂਗ ਪਾਕਿਸਤਾਨ ਦੇ ਸਦਰ ਯਾਨੀ ਕਿ ਰਾਸ਼ਟਰਪਤੀ ਬਣਨਾ ਚਾਹੁੰਦੇ ਹਨ ? ਪਰ ਇਹਨਾਂ ਤਿੰਨਾਂ ਹੀ ਕੇਸਾਂ ਵਿੱਚ ਫੌਜੀ ਤਾਨਾਸ਼ਾਹਾਂ ਦੀ ਸਦਰ ਬਣਨ ਦੀ ਖਾਹਿਸ਼ ਤਾਂ ਪੂਰੀ ਹੋਈ ਪਰ ਉਸ ਤੋਂ ਬਾਅਦ ਉਹ ਸੱਤਾ ਉੱਤੇ ਕਾਬਜ਼ ਨਹੀਂ ਰਹਿ ਸਕੇ। ਕਿਉਂਕਿ ਫੀਲਡ ਮਾਰਸ਼ਲ ਹੋਣ ਦੇ ਨਾਤੇ ਅੱਜ ਫੌਜ ਦੀ ਸਾਰੀ ਤਾਕਤ ਫੀਲਡ ਮਾਰਸ਼ਲ ਆਸਿਮ ਮੁਨੀਰ ਦੇ ਹੱਥਾਂ ਵਿੱਚ ਹੈ ਪਰ ਜੇ ਉਹ ਰਾਸ਼ਟਰਪਤੀ ਬਣ ਜਾਂਦੇ ਹਨ ਅਤੇ ਫੌਜ ਦਾ ਕਾਰਜ ਭਾਰ ਕਿਸੇ ਹੋਰ ਜਰਨੈਲ ਨੂੰ ਸੌਂਪ ਦਿੰਦੇ ਹਨ ਤਾਂ ਕੀ ਪਾਕਿਸਤਾਨੀ ਇਸਟੈਬਲਿਸ਼ਮੈਂਟ ਉਹਨਾਂ ਦੀ ਸਦਾਰਤ ਨੂੰ ਤਾਕਤਵਰ ਰਹਿਣ ਦੇਵੇਗੀ ਜਾਂ ਫਿਰ ਉਹ ਆਪਣੇ ਨਵੇਂ ਚੀਫ ਦੇ ਹੁਕਮਾਂ ਵੱਲ ਵੇਖੇਗੀ ? ਕੀ ਆਸਿਮ ਮੁਨੀਰ ਆਰਮੀ ਚੀਫ ਅਤੇ ਸਦਰ ਦੋਨਾਂ ਹੀ ਅਹੁਦਿਆਂ ਦੇ ਉੱਤੇ ਬਣੇ ਰਹਿ ਸਕਦੇ ਹਨ ? ਇਹ ਦੇਖਣ ਵਾਲਾ ਹੋਵੇਗਾ ਕਿ ਆਸਿਮ ਮੁਨੀਰ ਹੁਣ ਆਪਣੀ ਤਾਕਤ ਦਾ ਪਸਾਰਾ ਕਿਸ ਤਰੀਕੇ ਕਰਨਾ ਚਾਹੁਣਗੇ।

ਜੇ ਗੱਲ ਸੂਬਿਆਂ $ਦੇ ਪੁਨਰਗਠਨ ਦੀ ਕਰੀਏ ਤਾਂ ਭਾਰਤ ਅਤੇ ਪਾਕਿਸਤਾਨ ਇੱਕੋ ਹੀ ਸਮੇਂ ਤੇ ਆਜ਼ਾਦ ਹੋਏ। ਭਾਰਤ ਵਿੱਚ ਭਾਸ਼ਾ ਦੇ ਆਧਾਰ ਉੱਤੇ ਸੂਬੇ ਬਣਾਉਣ ਦੀ ਪਹਿਲਾਂ ਬੜੀ ਵਿਰੋਧਤਾ ਸੀ ਪਰ ਫਿਰ ਸਰਕਾਰ ਨੇ ਇਹ ਅਹਿਸਾਸ ਕੀਤਾ ਕਿ ਭਾਸ਼ਾ ਦੇ ਆਧਾਰ 'ਤੇ ਸੂਬੇ ਬਣਾਉਣ ਨਾਲ ਦੇਸ਼ ਹੋਰ ਮਜ਼ਬੂਤ ਹੋਵੇਗਾ, ਇਸ ਲਈ ਭਾਸ਼ਾ ਦੇ ਆਧਾਰ 'ਤੇ ਕਈ ਸੂਬੇ ਬਣਾਏ ਗਏ ਅਤੇ ਸੂਬਿਆਂ ਦਾ ਪੁਨਰਗਠਨ ਸਮੇਂ''-ਸਮੇਂ ਤੇ ਹੁੰਦਾ ਰਿਹਾ, ਪਰ ਪਾਕਿਸਤਾਨ ਵਿੱਚ 1947 ਦੇ ਸਮੇਂ ਤਿੰਨ ਸੂਬੇ ਸਨ ਚੌਥੇ ਬਲੋਚਿਸਤਾਨ ਨੂੰ ਫੌਜੀ ਤਾਕਤ ਰਾਹੀਂ ਧੱਕੇ ਨਾਲ ਹਥਿਆ ਲਿਆ ਗਿਆ ਤੇ ਦੇਸ਼ ਦਾ ਚੌਥਾ ਸੂਬਾ ਬਣਾਇਆ ਗਿਆ। ਬੀਤੇ 75 ਸਾਲਾਂ ਵਿੱਚ ਸੂਬਿਆਂ ਦਾ ਕਿਸੇ ਵੀ ਤਰ੍ਹਾਂ ਦਾ ਪੁਨਰਗਠਨ ਨਹੀਂ ਹੋਇਆ। ਵੱਖ-ਵੱਖ ਸਮੇਂ 'ਤੇ ਇਹ ਮੰਗ ਉੱਠਦੀ ਰਹੀ ਕਿ ਪਾਕਿਸਤਾਨੀ ਪੰਜਾਬ ਦੇ ਦੱਖਣੀ ਹਿੱਸੇ ਜਿਸ ਨੂੰ ਸਾਊਥ ਪੰਜਾਬ ਕਿਹਾ ਜਾਂਦਾ ਬਹਾਵਲਪੁਰ ਦਾ ਇਲਾਕਾ ਜੋ ਕਿ ਵਿਕਾਸ ਪੱਖੋਂ ਬਹੁਤ ਪਛੜਿਆ ਹੋਇਆ ਹੈ ਨੂੰ ਉੱਤਰੀ ਪੰਜਾਬ ਨਾਲੋਂ ਵੱਖ ਕਰਕੇ ਇੱਕ ਅਲੱਗ ਸੂਬਾ ਬਣਾ ਦਿੱਤਾ ਜਾਵੇ ਜਾਂ ਜਿਹੜਾ ਸਰਾਈਕੀ ਇਲਾਕਾ ਹੈ ਉਸਨੂੰ ਅਲੱਗ ਸੂਬਾ ਬਣਾ ਦਿੱਤਾ ਜਾਵੇ। ਪਰ ਕੀ ਪੰਜਾਬ ਦੀ ਡੋਮੀਨੈਂਟ ਕਮਿਊਨਿਟੀ ਜੋ ਕਿ 60% ਪਾਕਿਸਤਾਨੀ ਆਬਾਦੀ ਦਾ ਹਿੱਸਾ ਹੈ ਅਤੇ ਪਾਕਿਸਤਾਨ ਵਿੱਚ ਹਰ ਪਾਸੇ ਛਾਈ ਹੋਈ ਹੈ ਆਪਣੇ ਸਿਆਸੀ ਰੁਤਬੇ ਦਾ ਘਟਾਅ ਕਬੂਲ ਕਰਨਗੇ ? ਇਸੇ ਤਰ੍ਹਾਂ ਸਿੰਧ ਵਿੱਚ ਜਿੱਥੇ ਸਿੰਧੂ ਦੇਸ਼ ਦੀ ਮੰਗ ਵਾਰ-ਵਾਰ ਉੱਠਦੀ ਰਹੀ ਹੈ, ਕੀ ਸਿੰਧੀ ਲੋਕ ਇਹ ਬਰਦਾਸ਼ਤ ਕਰਨਗੇ ਕਿ ਉਹਨਾਂ ਦੇ ਪ੍ਰਮੁੱਖ ਸ਼ਹਿਰ ਕਰਾਚੀ ਨੂੰ ਸਿੰਧ ਨਾਲੋਂ ਵੱਖ ਕਰ ਦਿੱਤਾ ਜਾਵੇ। ਇਹ ਕਿਸ ਤਰ੍ਹਾਂ ਦੀ ਐਡਮਿਨਿਸਟਰੇਟਿਵ ਆਰਗੇਨਾਈਜੇਸ਼ਨ ਹੋਵੇਗੀ ?

ਇਹਦਾ ਖਾਕਾ ਹਜੇ ਪਬਲਿਕ ਦੇ ਸਾਹਮਣੇ ਨਹੀਂ ਆਇਆ ਹੈ॥ ਜੇ ਗੱਲ ਬਲੋਚਿਸਤਾਨ ਦੀ ਕਰੀਏ ਤਾਂ ਉਹ ਬਿਲਕੁਲ ਹੀ ਵੱਖਰਾ ਹੈ ਬਲੋਚਿਸਤਾਨ ਦੇ ਵਿੱਚ ਪਾਕਿਸਤਾਨ ਦੇ ਖਿਲਾਫ ਅਲਹਿਦਗੀ ਦਾ ਸੰਘਰਸ਼ ਲਗਾਤਾਰ ਚੱਲ ਰਿਹਾ ਹੈ। ਖੈਬਰ ਪਖਤੂਨਖਾ ਦੇ ਲੋਕ ਜੋ ਕਿ ਨਸਲੀ ਰੂਪ ਵਿੱਚ ਪਖਤੂਨ ਹਨ ਉਹ ਆਪਣੀ ਸਮਾਨਤਾ ਅਫਗਾਨਿਸਤਾਨ ਦੀ ਪਖਤੂਨ ਆਬਾਦੀ ਨਾਲ ਦੇਖਦੇ ਹਨ। ਸੋ ਪਾਕਿਸਤਾਨ ਨੂੰ ਕੀ ਸਿਰਫ ਐਡਮਿਨਿਸਟਰੇਟਿਵ ਗਰਾਊਂਡ 'ਤੇ ਹੀ ਆਰਗੇਨਾਈਜ਼ ਕੀਤਾ ਜਾਵੇਗਾ, ਜਿਸ ਤਰਾਂ ਅੰਗਰੇਜ਼ਾਂ ਦੇ ਜਮਾਨੇ ਵਿੱਚ ਕੀਤਾ ਜਾਂਦਾ ਸੀ ਜਾਂ ਪਾਕ ਸਰਕਾਰ ਆਪਣੇ ਦੇਸ਼ ਦੇ ਭਾਸ਼ਾਈ ਸੱਭਿਆਚਾਰਕ ਅਤੇ ਵਿਕਾਸ ਦੇ ਮਾਪਦੰਡਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਆਪਣੇ ਮੁਲਕ ਨੂੰ ਆਰਗੇਨਾਈਜ਼ ਕਰੇਗੀ ? ਜੋ ਵੀ ਹੋਣ ਜਾ ਰਿਹਾ ਹੈ ਇਸ ਨਾਲ ਪਾਕਿਸਤਾਨ ਵਿੱਚ ਇੱਕ ਵੱਡੀ ਸਿਆਸੀ ਉਥਲ ਪੁਥਲ ਦੀਆਂ ਸੰਭਾਵਨਾਵਾਂ ਤੋਂ ਜਾਪਦਾ ਹੈ ਕਿ ਪਾਕਿਸਤਾਨ ਦੇ ਕਬਜ਼ੇ ਵਾਲੇ ਮਕਬੂਜਾ ਕਸ਼ਮੀਰ ਵਿੱਚ ਸੰਵਿਧਾਨਿਕ ਬਦਲਾਅ ਕਰਾਉਣ ਲਈ ਇੱਕ ਵੱਡੀ ਤਨਜ਼ੀਮ ਚੱਲ ਰਹੀ ਹੈ, ਜਿਸ 'ਤੇ ਪਾਕਿਸਤਾਨ ਦੀਆਂ ਸੁਰੱਖਿਆ ਫੋਰਸਾਂ ਨੇ ਬੜਾ ਅੱਤਿਆਚਾਰ ਕੀਤਾ ਹੈ, ਗੋਲੀ ਚੱਲਣ ਨਾਲ ਕਈ ਲੋਕਾਂ ਦੀ ਮੌਤ ਦੀ ਖਬਰ ਵੀ ਆ ਰਹੀ ਹੈ। ਸੋ ਪਾਕਿਸਤਾਨ ਦੇ ਇੰਟੀਰੀਅਰ ਮਿਨਿਸਟਰ ਵੱਲੋਂ ਖੁਦ ਇਹ ਗੱਲ ਕਹਿਣੀ ਕਿ "ਉਸਦੇ ਦੇਸ਼ ਦਾ ਸਰਕਾਰੀ ਢਾਂਚਾ ਤਬਾਹ ਹੋ ਚੁੱਕਾ ਹੈ" ਇਹ ਕੋਈ ਛੋਟਾ ਬਿਆਨ ਨਹੀਂ ਇਸ ਬਿਆਨ ਨੂੰ ਮੌਹਸਿਨ ਨਕਵੀ ਦੀ ਅਮਰੀਕਾ ਫੇਰੀ ਨਾਲ ਵੀ ਜੋੜ ਕੇ ਵੇਖਿਆ ਜਾ ਰਿਹਾ ਹੈ। ਕੀ ਆਸਿਮ ਮੁਨੀਰ ਰਾਸ਼ਟਰਪਤੀ ਟਰੰਪ ਕੋਲੋਂ ਪਾਕਿਸਤਾਨ ਦੀ ਮੁਕੰਮਲ ਸੱਤਾ ਹਥਿਆਉਣ ਲਈ ਹਰੀ ਝੰਡੀ ਲੈ ਚੁੱਕੇ ਨੇ, ਕੀ ਆਸਿਮ ਮੁਨੀਰ ਇਰਾਨ 'ਤੇ ਹੋਏ ਅਮਰੀਕੀ ਹਮਲੇ ਵੱਲੋਂ ਬਣਾਏ ਗਏ ਸਿਆਸੀ ਹਾਲਾਤਾਂ ਨੂੰ ਆਪਣੇ ਹੱਕ ਵਿੱਚ ਵਰਤ ਸਕਦੇ ਹਨ ? ਇਹ ਹੁਣ ਸਮਾਂ ਹੀ ਦੱਸੇਗਾ ਪਰ ਇੱਕ ਗੱਲ ਜਰੂਰ ਹੈ ਕਿ ਆਸਿਮ ਮੁਨੀਰ ਦੇ ਹੱਥਾਂ ਦੇ ਵਿੱਚ ਬੇਤਹਾਸ਼ਾ ਸੱਤਾ ਦਾ ਆਉਣਾ ਇਮਰਾਨ ਖਾਨ ਦੇ ਸਮਰਥਕਾਂ ਲਈ ਕੋਈ ਚੰਗੀ ਖਬਰ ਨਹੀਂ ਹੈ। ਇਮਰਾਨ ਖਾਨ ਜੋ ਪਾਕਿਸਤਾਨ ਦੇ ਸਭ ਤੋਂ ਹਰਮਨ ਪਿਆਰੇ ਨੇਤਾ ਹਨ ਉਹਨਾਂ ਨੂੰ ਅਡਿਆਲਾ ਜੇਲ੍ਹ ਵਿੱਚ ਡੱਕਿਆ ਗਿਆ ਹੈ। ਜਿੱਥੋਂ ਉਹਨਾਂ ਦੀ ਸਿਹਤ ਵਿੱਚ ਲਗਾਤਾਰ ਵਿਗਾੜ ਦੀਆਂ ਖਬਰਾਂ ਆ ਰਹੀਆਂ ਹਨ।

ਇਮਰਾਨ ਖਾਨ ਸਾਬ੍ਹ ਨੇ ਪਿਛਲੇ ਸਿਆਸੀ ਲੀਡਰਾਂ ਵਾਂਗ ਕਿਸੇ ਵੀ ਤਰ੍ਹਾਂ ਦਾ ਸਮਝੌਤਾ ਫੌਜ ਨਾਲ ਕਰਨ ਤੋਂ ਇਨਕਾਰ ਕਰ ਦਿੱਤਾ ਹੈ, ਉਹਨਾਂ ਨੇ ਇੱਕ ਬਿਆਨ ਰਾਹੀਂ ਇੱਥੋਂ ਤੱਕ ਕਹਿ ਦਿੱਤਾ ਸੀ ਕਿ ਚੋਰਾਂ ਡਕੈਤਾਂ ਦੀ ਲੱਤ ਹੇਠੋ ਲੰਘਣ ਨਾਲੋ ਉਹ ਜੇਲਾਂ ਵਿੱਚ ਮਰਨਾ ਪਸੰਦ ਕਰਨਗੇ, ਜੋ ਕਿ ਖਾਨ ਦੀ ਦਲੇਰੀ ਦਾ ਵੱਡਾ ਸਬੂਤ ਹੈ। ਪਰ ਕੀ ਖਾਨ ਸਾਬ੍ਹ ਦਾ ਹਸ਼ਰ ਵੀ ਉਹ ਹੋਵੇਗਾ ਜੋ ਜੀਆ ਉਲ ਹੱਕ ਦੇ ਹੱਥੋਂ ਜੁਲਫਕਾਰ ਅਲੀ ਭੁੱਟੋ ਦਾ ਹੋਇਆ ਸੀ ? ਜ਼ੁਲਫਕਾਰ ਅਲੀ ਭੁੱਟੋ ਦੀ ਮੌਤ ਨੂੰ ਇੱਕ ਜੁਡੀਸ਼ਅਲ ਕਤਲ ਕਿਹਾ ਜਾਂਦਾ ਹੈ ਜਿੱਥੇ ਇੱਕ ਪੁਰਾਣਾ ਬੇਮਾਨਾ ਕੇਸ ਖੋਲ ਕੇ ਭੁੱਟੋ ਨੂੰ ਫਾਹੇ ਲਾ ਦਿੱਤਾ ਗਿਆ ਸੀ। ਜਾਂ ਫਿਰ ਜਨਰਲ ਆਸਿਮ ਮੁਨੀਰ ਦਾ ਹਸ਼ਰ ਜੀਆ ਉਲ ਹੱਕ ਵਾਲਾ ਹੋਵੇਗਾ ? ਇਹ ਸਭ ਭਵਿੱਖ ਦੇ ਗਰਭ ਵਿੱਚ ਪਿਆ ਹੈ ਕਿਉਂਕਿ ਇਤਿਹਾਸ ਗਵਾਹ ਹੈ ਕਿ ਪਾਕਿਸਤਾਨੀ ਫੌਜੀ ਤਾਨਾਸ਼ਾਹਾਂ ਨੇ ਉਨਾਂ ਚਿਰ ਹੀ ਰਾਜ ਕੀਤਾ ਹੈ ਜਿੰਨਾ ਚਿਰ ਅਮਰੀਕਾ ਬਹਾਦਰ ਦੀ ਨਜ਼ਰ ਉਹਨਾਂ ਉੱਤੇ ਸਵੱਲੀ ਰਹੀ।

ਖੈਰ ਪਾਕਿਸਤਾਨ ਵਿੱਚ ਉਥਲ ਪੁਥਲ ਦੱਖਣੀ ਏਸ਼ੀਆ ਦੇ ਲਈ ਕੋਈ ਚੰਗੀ ਖਬਰ ਨਹੀਂ ਹੈ ਕਿਉਂਕਿ ਦੱਖਣੀ ਏਸ਼ੀਆ ਦੇ ਮੁਲਕਾਂ ਨੇਪਾਲ, ਬੰਗਲਾਦੇਸ਼ ਅਤੇ ਸ੍ਰੀ ਲੰਕਾ ਵਿੱਚ ਪਹਿਲਾਂ ਹੀ ਸਿਆਸੀ ਉਥਲ ਪੁਥਲ ਚੱਲ ਰਹੀ ਹੈ ਤੇ ਭਾਰਤ ਵਿੱਚ ਵੀ ਜੈਨ-ਜੀ ਅੰਦੋਲਨ ਨੇ ਭਾਰਤੀ ਜਨਤਾ ਪਾਰਟੀ ਦੀ ਸੱਤਾ 'ਤੇ ਪਕੜ ਨੂੰ ਕਮਜ਼ੋਰ ਕੀਤਾ ਹੈ' ਇਸ ਦੌਰਾਨ ਜੇ ਪਾਕਿਸਤਾਨ ਵਿੱਚ ਵੀ ਸਿਆਸੀ ਉਥਲ ਪੁਥਲ ਹੁੰਦੀ ਹੈ ਤਾਂ ਇਸਦਾ ਅਸਰ ਸਾਰੇ ਸਾਊਥ ਏਸ਼ੀਆ ਦੇ ਖਿੱਤੇ ਵਿੱਚ ਪਹੁੰਚ ਜਾਵੇਗਾ।

# RED CHILLI INDIAN FOOD TRUCK

ਹਰ ਤਰ੍ਹਾਂ ਦੇ ਇੰਡੀਅਨ STARTERS ਤੇ MAIN COURSE

VEG | NON -VEG ਸਵਾਦਿਸ਼ਟ ਖਾਣਾ, ਵਾਜਬ ਰੇਟਾਂ 'ਤੇ

BOOK US FOR


WEDDINGS


BIRTHDAY PARTIES



CORPORATE EVENTS


BACKYARD PARTIES

## RED CHILLI INDIAN FOOD TRUCK

ਸਾਡਾ ਟਰੱਕ
99 highway ਤੋਂ
Lander Avenue ਤੇ
ਨਿਕਲ ਕੇ ਲੱਗਦੇ ਸਾਰ ਹੀ
ਖੱਬੇ ਹੱਥ ਹੈ





RED CHILLI INDIAN FOOD TRUCK

ਅਸੀ ਟਿਫਨ ਸਰਵਿਸ ਵੀ ਦਿੰਦੇ ਹਾਂ

DELIVERY Available



Call TO Order : (209) 216-8169

A Kaur 2340 Lander Ave Turlock, CA 95280

## ਡਤਾਈਵਰ ਵੀ ਜਿੰਦਗੀ ਦੇ 2 ਸਭ ਤੋਂ ਵੱਡੇ ਦੁਸ਼ਮਣ ਕੌਣ?
## ਕਾਗਜ਼ ਤੇ ਘਾਣ ਦਾ ਇਨਵੌਇਸ!



# ਇਨਵੌਇਸ ਬਣਾਓ ਆਸਾਨ,
# ਤੇ ਚਲੋ ਬੱਸ ਮਸਤਾਨ!

ਘੱਟ ਕਾਗਜੀ ਕੰਮ. ਹੋਰ ਕਿਲੋਮੀਟਰ. ਇਨਵੌਇਸ ਸਮਾਰਟ ਬਣਾਓ **Traki** ਨਾਲ.

**ਕਾਗਜ਼ ਸੰਭਾਲੋ**
ਫੋਟੋ, PDF ਤੇ ਆਪਣੇ ਡੌਕੂਮੈਂਟ ਇਕੱਤਰ ਰੱਖੋ.

**ਇਨਵੌਇਸ ਬਣਾਓ**
AI ਮਦਦ ਨਾਲ ਆਟੋ ਫਿਲ ਅਤੇ ਪੇਸ਼ੇਵਰ ਇਨਵੌਇਸ ਤਿਆਰ.

**ਕਮਾਈ ਵਧਾਓ**
ਰਿਪੋਰਟ ਵੇਖੋ, ਕਮਾਈ ਟ੍ਰੈਕ ਕਰੋ, ਤੇ ਟਾਈਮ ਬਚਾਓ.

**ਅੱਜ ਹੀ ਸ਼ੁਰੂ ਕਰੋ!**

**3 ਦਿਨ ਦਾ ਮੁਫ਼ਤ TRIAL ਮਿਲੇਗਾ!**

ਟਰਾਈ ਕਰੋ, ਪਸੰਦ ਆਇਆ ਤਾਂ ਅੱਗੇ ਵਧੋ!

QR ਸਕੈਨ ਕਰੋ ਤੇ Traki ਡਾਊਨਲੋਡ ਕਰੋ ਹੁਣੇ!

**ਟਾਈਮ ਬਚਾਓ**
ਕਾਗਜ਼ੀ ਕੰਮ ਘੱਟ, ਡਰਾਈਵ ਵੱਧ.

**ਗਲਤੀ ਘੱਟ**
ਆਟੋਮੈਟਿਕ ਫਿਲ ਤੇ ਸਹੀ ਇਨਵੌਇਸ.

**ਆਫਲਾਈਨ ਕੰਮ**
ਇੰਟਰਨੈੱਟ ਬਿਜ਼ਾਂ ਵੀ ਸਭ ਕੁਝ ਚੱਲਦਾ.

**ਸਭ ਕੁਝ ਇੱਕ ਜਗ੍ਹਾ**
ਡੌਕੂਮੈਂਟ, ਇਨਵੌਇਸ ਤੇ ਰਿਪੋਰਟ – ਸਭ ਨਾਲ.

ਹੋਰ ਜਾਣਕਾਰੀ ਲਈ ਵੇਖੋ | TRAKIAPP.COM

**TRAKI**
ਡਰਾਈਵਰ ਦਾ ਅਸਲੀ ਘਾਰ.


JASPREET SINGH
ATTORNEY AT LAW USA
JASPREET SINGH ATTORNEY AT LAW USA
SPECIALIZES IN IMMIGRATION LAW MATTERS , POLITICAL ASYLUM , DEPORTATION
DEFENSE , GREEN CARDS , MARRIAGE , CITIZENSHIP, P3 AND E-2 VISAS
LAW OFFICES IN NY , NJ AND CALIFORNIA
SACRAMENTO, CA
5855 AUBURN BLVD,
SACRAMENTO, CA 95841
+1-917-915-4142
FREMONT, CA
3155 KEARNEY ST, SUITE
#248, FREMONT, CA 94538
+1-510-657-6444
NEW YORK, NY
108-14 JAMAICA AVENUE,
RICHMOND HILL, NY 11418
+1-718-533-8444
FRESNO, CA
1625 E SHAW AVE #122,
FRESNO, CA 93711
+1-559-271-5511
NEW JERSEY, NJ
2060 OAK TREE ROAD #1,
EDISON, NEW JERSEY, 08820
+1-732-453-6699
LOS ANGELES, CA
1013 N BEGONIA AVE,
ONTARIO, CA 91762
+1-917-915-4142
CONTACT
+1-917-915-4142
Jaspreetsinghlaoffice@gmail.com